# ਅੰਮ੍ਰਿਤ ਕੀਰਤਨ

# Amrit Kirtan

# अमृत कीर्तन

ਅੰਕ 10

ਮਾਰਚ, 1990

[ਸੰਪਾਦਕ ਆਨਰੇਰੀ]

ਡਾ. ਜਾਗੀਰ ਸਿੰਘ


ਇੱਕ ਹਨੇਰੀ ਰਾਤ। ਭਾਦਰੋਂ ਦੀ ਮੱਸਿਆ। ਬੱਦਲਾਂ ਦੀ ਗੜਗੜਾਹਟ। ਕਦੀ ਕਦੀ ਬਿਜਲੀ ਦਾ ਚਮਕਣਾ। ਬਾਰਿਸ਼ ਦੇ ਫੁਹਾਰੇ। ਪਿੰਡ ਪੂਰਾ ਸੁੱਤਾ ਹੋਇਆ। ਬਸ, ਨਾਨਕ ਦੇ ਗਾਉਣ ਦੀ ਗੂੰਜ।

ਰਾਤੀਂ ਦੇਰ ਤੱਕ ਉਹ ਗਾਉਂਦੇ ਰਹੇ। ਨਾਨਕ ਦੀ ਮਾਂ ਡਰੀ। ਰਾਤ ਅੱਧੀ ਤੋਂ ਵੱਧ ਬੀਤ ਗਈ। ਕੋਈ ਤਿੰਨ ਵੱਜਣ ਨੂੰ ਆਏ। ਨਾਨਕ ਦੇ ਕਮਰੇ ਦਾ ਦੀਵਾ ਜਗ ਰਿਹਾ ਹੈ। ਕਦੀ ਕਦੀ ਗਾਉਣ ਦੀ ਆਵਾਜ਼ ਆਉਂਦੀ ਹੈ। ਨਾਨਕ ਦੇ ਦਰਵਾਜ਼ੇ ਤੇ ਨਾਨਕ ਦੀ ਮਾਂ ਨੇ ਦਸਤਕ ਦਿੱਤੀ ਅਤੇ ਕਿਹਾ, 'ਬੇਟਾ, ਹੁਣ ਸੌਂ ਵੀ ਜਾ, ਰਾਤ ਤਾਂ ਹੁਣ ਖਤਮ ਹੀ ਹੋਣ ਲੱਗੀ ਹੈ।''

ਨਾਨਕ ਚੁਪ ਹੋਏ। ਉਦੋਂ ਹੀ ਰਾਤ ਦੇ ਹਨੇਰੇ ਵਿੱਚ ਇੱਕ ਪਪੀਹੇ ਨੇ ਕਿਹਾ, ''ਪਿਹੂ-ਪਿਹੂ।''

ਨਾਨਕ ਨੇ ਕਿਹਾ, ''ਸੁਣ ਮਾਂ। ਅਜੇ ਤਾਂ ਪਪੀਹਾ ਚੁੱਪ ਨਹੀਂ ਹੋਇਆ। ਆਪਣੇ ਪਿਆਰੇ ਨੂੰ ਪੁਕਾਰ ਰਿਹਾ ਹੈ, ਤਾਂ ਮੈਂ ਕਿਵੇਂ ਚੁੱਪ ਹੋ ਜਾਵਾਂ? ਇਸ ਪਪੀਹੇ ਨਾਲ ਮੇਰੀ ਜ਼ਿਦ ਹੈ। ਜਦੋਂ ਤਕ ਇਹ ਗਾਉਂਦਾ ਰਹੇਗਾ, ਪੁਕਾਰਦਾ ਰਹੇਗਾ, ਮੈਂ ਵੀ ਪੁਕਾਰਦਾ ਰਹਾਂਗਾ ਅਤੇ ਇਸ ਦਾ ਪਿਆਰਾ ਤਾਂ ਬਹੁਤ ਨੇੜੇ ਹੈ, ਮੇਰਾ ਪਿਆਰਾ ਬੜਾ ਦੂਰ ਹੈ। ਜਨਮਾਂ ਜਨਮਾਂ ਤੱਕ ਗਾਉਂਦਾ ਰਹਾਂ ਤਾਂ ਹੀ ਉਸ ਤੱਕ ਪਹੁੰਚ ਸਕਾਂਗਾ। ਰਾਤ ਅਤੇ ਦਿਨ ਦਾ ਹਿਸਾਬ ਨਹੀਂ ਰੱਖਿਆ ਜਾ ਸਕਦਾ।'' ਨਾਨਕ ਨੇ ਫਿਰ ਗਾਉਣਾ ਸ਼ੁਰੂ ਕਰ ਦਿੱਤਾ।

ਨਾਨਕ ਨੇ ਪ੍ਰਮਾਤਮਾ ਨੂੰ ਗਾ ਗਾ ਕੇ ਪਾਇਆ। ਗੀਤਾਂ ਨਾਲ ਭਰਪੂਰ ਹੈ ਨਾਨਕ ਦਾ ਮਾਰਗ। ਇਸ ਲਈ ਨਾਨਕ ਦੀ ਖੋਜ ਬੜੀ ਵੱਖਰੀ ਹੈ। ਨਾਨਕ ਨੇ ਜੋਗ ਨਹੀਂ ਕੀਤਾ। ਤਪ ਨਹੀਂ ਕੀਤਾ, ਧਿਆਨ ਨਹੀਂ ਕੀਤਾ। ਨਾਨਕ ਨੇ ਸਿਰਫ ਗਾਇਆ। ਅਤੇ ਗਾ ਕੇ ਹੀ ਪਾ ਲਿਆ। ਪਰ ਉਹਨਾਂ ਨੇ ਗਾਇਆ ਇੰਨੇ ਪੂਰੇ ਪ੍ਰਾਣਾਂ ਨਾਲ ਕਿ ਗਾਉਣਾ ਹੀ ਧਿਆਨ ਹੋ ਗਿਆ, ਗਾਉਣਾ ਹੀ ਜੋਗ ਬਣ ਗਿਆ, ਗਾਉਣਾ ਹੀ ਤਪ ਬਣ ਗਿਆ।

ਓਸ਼ੋ [ਰਜਨੀਸ਼]

# ਧੰਨਵਾਦ

ਹੇਠ ਲਿਖੇ ਅਨੁਸਾਰ ਕੁਝ ਸੰਸਥਾਵਾਂ ਅਤੇ ਵਿਅਕਤੀਆਂ ਨੇ 'ਅੰਮ੍ਰਿਤ ਕੀਰਤਨ' ਦੀ ਸਹਾਇਤਾ ਲਈ ਮਾਇਆ ਭੇਜੀ ਹੈ। ਅੰਮ੍ਰਿਤ ਕੀਰਤਨ ਟਰੱਸਟ ਵੱਲੋਂ ਬਹੁਤ ਬਹੁਤ ਧੰਨਵਾਦ ਕੀਤਾ ਜਾਂਦਾ ਹੈ।

| | | |
|---|---|---|
| 1] | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ | 2100 ਰੁ. |
| 2] | ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ | 1100 ਰੁ. |
| 3] | ਡਾ. ਗੁਰਮੁਖ ਸਿੰਘ ਚੈਰੀਟੇਬਲ ਟਰੱਸਟ ਮੰਡੀ ਗੋਬਿੰਦਗੜ੍ਹ | 1000 ਰੁ. |
| 4] | ਸ੍ਰ. ਤ੍ਰਿਲੋਚਨ ਸਿੰਘ ਗਿੱਲ ਚੰਡੀਗੜ੍ਹ | 500 ਰੁ. |
| 5] | ਸ੍ਰ. ਜੀ. ਐਸ. ਸੱਬਤੀ ਚੰਡੀਗੜ੍ਹ | 500 ਰੁ. |
| 6] | ਸ੍ਰੀ ਗੁਰੂ ਸਿੰਘ ਸਭਾ ਪੰਜਾਬੀ ਬਾਗ | 350 ਰੁ. |
| 7] | ਸ੍ਰ. ਸੁਦਰਸ਼ਨ ਸਿੰਘ ਕਾਲਰਾ ਪਾਨੀਪਤ | 500 ਰੁ. |
| 8] | ਸ੍ਰ. ਨਰਿੰਦਰਪਾਲ ਸਿੰਘ—ਨਿਊਜ਼ੀਲੈਂਡ | 484 ਰੁ. |

ਨੋਟ :—ਮਾਇਆ ਅੰਮ੍ਰਿਤ ਕੀਰਤਨ ਟਰੱਸਟ ਦੇ ਨਾਮ ਹੀ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

# ਅੰਮ੍ਰਿਤ ਕੀਰਤਨ

# Amrit Kirtan अमृत कीर्तन

ਅੰਕ : 10 ਮਾਰਚ, 1990

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਡਾ. ਸਤੀਸ਼ ਮੈਨਨ
ਸ੍ਰ: ਕੁਲਦੀਪ ਸਿੰਘ
ਪ੍ਰੋ: ਮਨਜੀਤ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇੱਕ ਕਾਪੀ : 5 ਰੁਪਏ

**ਦੇਸ਼ :**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼ :**

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

## ਵਿਸ਼ਾ ਪੰਨਾ

1. ਤੁਹਾਡੇ ਪੱਤਰ 2
2. ਆਦਿ ਗਰੰਥ ਵਿੱਚ ਘਰੁ ਦਾ ਸੰਕਲਪ —ਦਲਜੀਤ ਸਿੰਘ 3
3. ਭਾਈ ਸਮੁੰਦ ਸਿੰਘ ਜੀ ਨਾਲ ਕੁਝ ਪਲ 10
4. ਸੁਰ ਸਾਧਨ —ਸੰਤ ਸਰਵਣ ਸਿੰਘ -- ਡੁਮੇਲੀ ਵਾਲੇ 13
5. ਪ੍ਰਸਿੱਧ ਕੀਰਤਨੀਏ ਭਾਈ ਗੁਰਮੇਲ ਸਿੰਘ — ਇੰਦਰਜੀਤ ਸਿੰਘ ਗੋਗੋਆਣੀ 16
6. ਰਾਗ —ਭਾਰਤੀ ਸੰਗੀਤ ਕੋਸ਼ 19
7. ਭਾਈ ਜੋਗਾ ਸਿੰਘ ਰਾਗੀ --ਅੰਮ੍ਰਿਤਪਾਲ ਕੌਰ 21
8. ਗੁਰਮਿਤ ਸੰਗੀਤ ਅਕੈਡਮੀ —ਹਰਮਿੰਦਰ ਸਿੰਘ 23
9. ਰਾਗ ਭੈਰਉ —ਹਰਿਭਜਨ ਸਿੰਘ 25
10. ਰਾਗ ਗੁਜਰੀ — ਪ੍ਰੋ. ਪਰਮਜੋਤ ਸਿੰਘ 27
11. पंजाब के संगीत घराने -ਡਾ. ਡੀ.ਐਸ. ਨਰੂਲਾ 28
12. ਪੁਸਤਕ ਰੀਵੀਊ
—ਡਾ. ਤ੍ਰਿਲੋਚਨ ਸਿੰਘ ਤਰਸੀ, 33
—ਡਾ. ਦਰਸ਼ਨ ਸਿੰਘ ਨਰੂਲਾ 35
—ਸੰਗੀਤ ਕੌਰ 36

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦ ਸਿਹਮਤ ਹੋਣਾ ਜ਼ਰੂਰੀ ਨਹੀਂ ਹੈ।

# ਤੁਹਾਡੇ ਪੱਤਰ

'ਅੰਮ੍ਰਿਤ ਕੀਰਤਨ' ਦੀ ਕਾਮਯਾਬੀ ਲਈ ਵਾਹਿਗੁਰੂ ਅੱਗੇ ਅਰਦਾਸ ਹੈ। ਕੀਰਤਨੀਏ ਨੂੰ ਚਾਹੀਦਾ ਹੈ ਕਿ ਉਹ ਗੁਰੂ ਆਸ਼ੇ ਅਨੁਸਾਰ ਕੀਰਤਨ ਕਰੇ। ਸੂਹੀ ਲਲਿਤ, ਗਉੜੀ ਭੀ ਸੋਰਠ ਭੀ, ਗਉੜੀਆਂ ਦੇ 11-12 ਸਰੂਪ ਹਨ। ਕੋਈ ਕੀਰਤਨੀਆਂ ਇੱਧਰ ਧਿਆਨ ਨਹੀਂ ਦਿੰਦਾ। ਸਤਿਗੁਰਾਂ ਹਦਾਇਤ ਕੀਤੀ ਹੈ ਕਿ ਕੀਰਤਨ ਕਰਨ ਸਮੇਂ ਪੰਜ ਨੁਕਤੇ ਧਿਆਨ ਵਿਚ ਰੱਖੇ ਜਾਣ। ਪਹਿਲਾਂ ਜਿਸ ਰਾਗ ਦਾ ਸ਼ਬਦ ਹੈ ਉਸ ਵਿਚ ਗਾਇਨ ਕਰੇ। ਦੂਜਾ ਉਸੇ ਤਾਲ ਵਿਚ, ਤੀਜਾ ਦੁਪਦਾ-ਪੰਚਪਦਾ ਆਦਿ ਦੀ ਜਾਣਕਾਰੀ, ਚੌਥਾ ਰਹਾਉ ਦੀ ਪੰਗਤੀ ਅਸਥਾਈ ਬਣਾਵੇ, ਪੰਜਵਾਂ ਜਿਸ ਸ਼ਬਦ ਨੂੰ ਗਾਇਨ ਕਰਦਾ ਹੈ ਉਸ ਨੂੰ ਸ਼ੁਧ ਬੋਲ ਕੇ ਪੜ੍ਹ ਕੇ ਸੁਣਾਵੇ, ਤੇ ਰਾਗ ਦੀ ਆਰੋਹੀ ਅਵਰੋਹੀ, ਵਾਦੀ ਸੰਵਾਦੀ ਆਦਿ ਸ਼ੁਧ ਸਰੂਪ ਨਿਖੇੜ ਕੇ ਰਸ ਪੈਦਾ ਕਰੇ।

ਵਰਿਆਮ ਸਿੰਘ ਆਦਰਸ਼
ਰਾਜਪੁਰਾ।

ਆਪ ਜੀ ਦਾ ਉੱਦਮ ਉੱਚਾ ਤੇ ਸੁੱਚਾ ਹੈ। ਗੁਰਬਾਣੀ ਰਾਗਾਂ ਵਿਚ ਹੈ ਤੇ ਜੇ ਉਹਨਾਂ ਹੀ ਰਾਗਾਂ ਵਿਚ ਗਾਈ ਜਾਵੇ ਤਾਂ ਚੰਗਾ ਹੈ। ਇਸ ਰਾਹੀਂ ਸੰਗਤਾਂ ਨੂੰ ਖਾਸ ਤੌਰ ਤੇ ਕੀਰਤਨੀਆਂ ਨੂੰ ਰਾਗ, ਸੰਗੀਤ ਤੇ ਤਾਲ ਦੀ ਜਾਣਕਾਰੀ ਮਿਲੇਗੀ।

ਸ. ਗੁਰਬਚਨ ਸਿੰਘ ਜੀ ਨੇ ਅਕਤੂਬਰ ਅੰਕ ਵਿਚ ਗੁਰਬਾਣੀ ਦੇ ਪ੍ਰਚਾਰ ਲਈ ਬੜੇ ਚੰਗੇ ਵਿਚਾਰ ਦਿਤੇ ਹਨ ਜਿਸ ਤਰ੍ਹਾਂ ਰਾਗੀਆਂ ਦਾ ਬਿਨਾਂ ਮੰਗ ਦੇ ਕੀਰਤਨ, ਗੁਰਬਾਣੀ ਸਪਸ਼ਟ ਕਰਕੇ ਗਾਉਣਾ ਤੇ ਅਖੰਡ ਪਾਠਾਂ ਵਿਚ ਵੀ ਗੁਰਬਾਣੀ ਨੂੰ ਸਪਸ਼ਟ ਬੋਲ ਕੇ ਸੰਗਤਾਂ ਨੂੰ ਸੁਣਾਉਣਾ ਆਦਿ। ਭਾਵੇਂ ਸਰੋਤਾ ਗੁਰਬਾਣੀ ਦੇ ਅਖਰੀ ਅਰਥ ਨਾ ਸਮਝ ਸਕੇ ਪਰ ਗੁਰਬਾਣੀ ਨੂੰ ਸਪਸ਼ਟ ਪੜ੍ਹਨ ਤੇ ਬੋਲਣ ਨਾਲ ਉਸਦਾ ਭਾਵ ਅਰਥ ਜ਼ਰੂਰ ਸਮਝ ਜਾਂਦਾ ਹੈ।

ਰਾਮਚੰਦ ਭਟਿਆਣੀ
ਨਵੀਂ ਦਿੱਲੀ।

ਅੰਮ੍ਰਿਤ ਕੀਰਤਨ ਦਾ ਅੱਠਵਾਂ ਅੰਕ ਗੁ: ਮੋਤੀ ਬਾਗ ਦਿੱਲੀ ਦੀ ਲਾਇਬਰੇਰੀ ਵਿੱਚ ਪੜ੍ਹਨ ਨੂੰ ਮਿਲਿਆ ਆਪ ਜੀ ਨੇ ਕੀਰਤਨ ਅਤੇ ਸੰਗੀਤ ਦੇ ਪ੍ਰਚਾਰ ਬਾਰੇ ਬੜਾ ਸਾਹਸੀ ਅਤੇ ਸ਼ਲਾਘਾ-

ਯੋਗ ਕਾਰਜ ਆਰੰਭ ਕੀਤਾ ਹੈ । ਮੈਨੂੰ ਉਮੀਦ ਹੈ ਕਿ ਅੰਮ੍ਰਿਤ ਕੀਰਤਨ ਨਾਲ ਸਾਰੇ ਕੀਰਤਨ ਅਤੇ ਸੰਗੀਤ ਪ੍ਰੇਮੀਆਂ ਨੂੰ ਲਾਭ ਹੋਵੇਗਾ ।

ਭਾਈ ਕੁਲਵੰਤ ਸਿੰਘ ਚੰਦਨ
ਦਿੱਲੀ ।

ਤੁਹਾਡਾ ਪਰਚਾ ਹੁਣ ਪੱਕੇ ਪੈਰੀਂ ਹੈ, ਤੁਹਾਡਾ ਦਾਈਆ ਹੋਰ ਵੀ ਪਕੇਰਾ ਆਸ਼ਾ ਹੋਰ ਵੀ ਪਾਕ ਪਵਿੱਤਰ । ਦੱਸੋ ਇੰਗਲੈਂਡ ਤੋਂ ਕਿੰਨੇ ਚੰਦੇ ਭੇਜਾਂ ?

ਬਲਬੀਰ ਸਿੰਘ ਕੰਵਲ
ਲੰਡਨ ।

ਆਪ ਜੀ ਵੱਲੋਂ ਅੰਮ੍ਰਿਤ ਕੀਰਤਨ ਰਸਾਲੇ ਨੂੰ ਜਾਰੀ ਕਰਕੇ ਇਕ ਬਹੁਤ ਵੱਡੀ ਘਾਟ ਨੂੰ ਪੂਰਾ ਕੀਤਾ ਗਿਆ । ਵਾਹਿਗੁਰੂ ਰਸਾਲੇ ਨੂੰ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਬਖਸ਼ੇ ।

ਬਲਦੇਵ ਸਿੰਘ ਸੁਖਮਨੀ
ਬਰਨਾਲਾ ।

ਅੰਮ੍ਰਿਤ ਕੀਰਤਨ ਵਗਦੀ ਹੋਈ ਹਵਾ ਵਾਂਗ ਪੁਜ ਰਿਹਾ ਹੈ । ਇਸ ਗੁਲਦਸਤੇ ਵਿੱਚ ਬਹੁਤ ਸਾਰੇ ਫੁੱਲ ਹੁੰਦੇ ਹਨ ਪਰ ਡੰਡੀਆਂ ਨਾਲ ਉਹਨਾਂ ਫੁੱਲਾਂ ਦੇ ਨਿੱਕੀਆਂ ਨਿੱਕੀਆਂ ਹੁੰਦੀਆਂ ਨੇ, ਭਾਵ ਮਸਲੇ ਲੰਮੇ ਤੇ ਮਸਲੇ ਛੋਟੇ । ਗਾਇਕਾਂ ਦੀ ਜੀਵਨੀ ਦੇ ਪੰਨੇ ਹੋਰ ਦਿਓ । ਉਹਨਾਂ ਦਾ ਜੀਵਨ ਸੰਘਰਸ਼, ਉਸਤਾਦਦਾਰੀਆਂ, ਅਤੇ ਉਸਤਾਦਗੀਆਂ ਪੰਜਾਬ ਦੇ ਪੁੱਤਰਾਂ ਨੇ ਭਾਰਤੀ ਸੰਗੀਤ ਖੇਤਰ ਵਿਚ ਵੀ ਆਪਣਾ ਯੋਗਦਾਨ ਕਿੰਨਾ ਨਿੱਗਰ ਪਾਇਆ ਹੈ—ਇਹ ਸਿਰਫ ਪੰਜਾਬੀ ਜਾਣਕਾਰੀ ਵਾਸਤੇ ਹੀ ਨਹੀਂ ਹਿੰਦੀ ਜਗਤ ਵਾਸਤੇ ਅਤੇ ਅੰਗਰੇਜ਼ੀ ਪੜ੍ਹਨ ਵਾਲੀਆਂ ਅੱਖਾਂ ਵਾਸਤੇ ਵੀ । ਹਿੰਦੁਸਤਾਨ ਪੰਜਾਬ ਨੂੰ ਬੜਾ ਬੇਸੁਰਾ, ਝਗੜਾਲੂ, ਡੰਡ ਪਾਊ, ਫੌਜੀ ਅਤੇ ਕਿਸਾਨ ਹੀ ਸਮਝਦਾ ਹੈ । ਇਸ ਦੀਆਂ ਘਾਲੀਆਂ ਘਾਲਾਂ, ਰਿਆਜ਼ਕਾਰੀਆਂ ਅਤੇ ਹਿੱਕ ਦੇ ਜੋਰ ਨਾਲ ਕੀਤੀ ਗਾਇਕੀ ਬਾਰੇ ਹੋਰ ਜਾਣੂ ਕਰਾਉ । ਕੀਰਤਨ ਦਾਇਰੇ ਨੂੰ ਮੋਕਲਾ ਕਰਕੇ ਸੰਗੀਤ ਦੇ ਦਿਗ ਮੰਡਲ ਵਿਚ ਲੈ ਆਓ ਜੀ ।

ਗਗਨ ਪਾਕਿਸਤਾਨੀ
ਅਮਰੀਕਾ ।

'ਅੰਮ੍ਰਿਤ ਕੀਰਤਨ' ਬਾਰੇ ਜਾਣ ਕੇ ਬਹੁਤ ਖੁਸ਼ੀ ਹੋਈ ਹੈ । ਤੁਸੀਂ ਇਹ ਮਾਸਿਕ ਰਸਾਲਾ ਕੱਢ ਕੇ ਬਹੁਤ ਹੀ ਉਪਕਾਰ ਕਰ ਰਹੇ ਹੋ । ਇਸ ਰਸਾਲੇ ਨਾਲ ਲੋਕਾਂ ਨੂੰ ਸੰਗੀਤ ਅਤੇ ਕੀਰਤਨ ਦੀ ਮਹੱਤਤਾ ਬਾਰੇ ਪਤਾ ਲਗੇਗਾ ।

ਜਤਿੰਦਰਪਾਲ ਸਿੰਘ
ਪਿੰਡ ਤੇ ਡਾਕਘਰ ਰਵਾਲ, ਗੁਰਦਾਸਪੁਰ ।

# ਆਦਿ ਗਰੰਥ ਵਿੱਚ 'ਘਰੁ' ਦਾ ਸੰਕਲਪ

ਸ. ਦਲਜੀਤ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਸ਼ਬਦਾਂ ਉਪਰ ਰਾਗ ਅਤੇ ਘਰੁ ਸਿਰਲੇਖ ਵਜੋਂ ਅੰਕਿਤ ਹਨ। ਮਹਲਾ ਅਤੇ ਘਰੁ ਅੰਕਾਂ ਵਿੱਚ ਹਨ ਅਤੇ ਇਨ੍ਹਾਂ ਨੂੰ ਪਹਿਲਾ, ਦੂਜਾ, ਤੀਜਾ ਤੇ ਚੌਥਾ ਆਦਿ ਉਚਾਰਿਆ ਜਾਂਦਾ ਹੈ ਜਿਵੇਂ ਕਿ ਬਾਨੀ ਦੇ ਪ੍ਰਥਮ ਅਧਿਆਇ (ਰਾਗਾਂ ਅਨੁਸਾਰ) ਸਿਰੀ ਰਾਗ ਦੇ ਪਹਿਲੇ ਸ਼ਬਦ ਉਪਰ ਦਰਸਾਇਆ ਗਿਆ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਘਰੁ ਦੀ ਵਰਤੋਂ ਤਾਲ ਲਈ ਕੀਤੀ ਗਈ ਹੈ ਅਤੇ ਕੁਝ ਵਿਦਵਾਨ ਘਰੁ ਨੂੰ ਆਰੰਭਿਕ ਸੁਰ ਵਜੋਂ ਸਵੀਕਾਰ ਕਰਦੇ ਹਨ ਪਰੰਤੂ ਅਜੇ ਇਨ੍ਹਾਂ ਦੋਵੇਂ ਮਾਨਤਾਵਾਂ ਦੀ ਤਰਕਯੁਕਤ ਵਿਸਤ੍ਰਿਤ ਵਿਆਖਿਆ ਲੋੜੀਂਦੀ ਹੈ।

ਪਹਿਲੇ ਮੱਤ ਅਨੁਸਾਰ ਘਰੁ 1,2,3,4 ਆਦਿ ਕਿਸੇ ਤਾਲ ਚੱਕਰ (ਆਵਰਤਨ) ਦੀਆਂ ਮਾਤ੍ਰਾਵਾਂ ਦਰਸਾਉਂਦੇ ਹਨ। ਜੇ ਇਹ ਇੰਝ ਹੀ ਹੋਵੇ ਤਾਂ ਘਰੁ 1 ਸਬੰਧੀ ਤਾਂ ਇਹ ਸੰਭਵ ਹੀ ਨਹੀਂ। ਕੋਈ ਵੀ ਤਾਲ ਇੱਕ ਮਾਤਰਾ ਦਾ ਨਹੀਂ ਹੋ ਸਕਦਾ ਅਤੇ ਦੁਹਰਾ, ਚੱਕਰ ਜਾਂ ਆਵਰਤਨ ਤੋਂ ਬਿਨ੍ਹਾਂ ਇਸ ਦੀ ਹੋਂਦ ਸੰਭਵ ਨਹੀਂ। ਕਿਸੇ ਵੀ ਲੈਅ ਚੱਕਰ ਦੇ 'ਤਾਲ' ਬਣਨ ਲਈ ਘੱਟ-ਘੱਟ ਦੋ ਮਾਤਰਾਵਾਂ ਦਾ ਹੋਣਾ ਲਾਜ਼ਮੀ ਹੈ। ਪਹਿਲੀ ਮਾਤਰਾ ਉਤੇ ਖਾਸ ਬਲ (ਸਮ) ਹੋਣ ਕਰਕੇ ਇਸ ਨੂੰ 'ਭਰੀ' ਕਹਿੰਦੇ ਹਨ ਅਤੇ ਦੂਸਰੀ ਮਾਤਰਾ ਸਾਧਾਰਣ ਬਲ ਨਾਲ ਪ੍ਰਦਰਸ਼ਿਤ ਕੀਤੀ ਜਾਂਦੀ ਹੈ। ਪੱਛਮੀ ਸੰਗੀਤ ਵਿੱਚ ਵੀ ਇੱਕ ਮਾਤਰਾ ਦਾ ਕੋਈ ਸੰਗੀਤਕ ਤਾਲ (ਰਿਦਮ) ਨਹੀਂ। ਉਹ ਵੀ ਡਿਊਪਲ ਟਾਈਮ ਦਾ ਆਰੰਭ ਕਰਦੇ ਹਨ। ਇਸੇ ਤਰ੍ਹਾਂ ਪੁਰਾਤਨ ਤੇ ਆਧੁਨਿਕ ਭਾਰਤੀ ਸੰਗੀਤ ਵਿਚ ਕੋਈ ਵੀ ਅਜਿਹਾ ਤਾਲ ਪ੍ਰਚੱਲਿਤ ਨਹੀਂ ਰਿਹਾ ਜਿਸ ਦਾ ਨਾਮਕਰਣ ਉਸ ਦੀਆਂ ਮਾਤਰਾਵਾਂ ਦੇ ਅਨੁਸਾਰ ਕੀਤਾ ਗਿਆ ਹੋਵੇ।

ਰੂਪਕ ਤਾਲ $=3+2+2=7$
ਝਪ ਤਾਲ $=2+3+2+3=10$
ਝੂਮਰਾ ਤਾਲ $=3+4+3+4=14$

ਫਿਰ ਵੀ ਅੰਕ ਗਿਣਤੀ ਅਨੁਸਾਰ ਨਾਮਕ੍ਰਿਤ ਦੋ ਤਾਲ ਇੱਥੇ ਦਿੱਤੇ ਜਾ ਰਹੇ ਹਨ ਪਰ ਇਹਨਾਂ ਦੇ ਨਾਵਾਂ ਦਾ ਆਪਣੇ ਤਾਲ ਚੱਕਰ ਨਾਲ ਕੋਈ ਸਬੰਧ ਨਹੀਂ। ਜਿਵੇਂ :

ਇਕ ਤਾਲ : 4+4+2+2=12

ਤਿੰਨ ਤਾਲ : 4+4+4+4=16

ਇਥੇ ਇਹ ਵੀ ਵਰਣਨ ਕਰਨਾ ਹੋਵੇਗਾ ਕਿ ਕਈ ਤਾਲ ਵਿਭਾਗ ਅਤੇ ਮਾਤਰਾਵਾਂ ਵਿੱਚ ਇਕਸਾਰਤਾ ਰੱਖਦੇ ਹੋਏ ਵੀ ਵਿੱਭਿਨ ਹਨ। ਉਦਾਹਰਣ ਹਿਤ ਤਲਵਾੜਾ ਤਾਲ ਦੇ ਇਕ ਆਵਰਤਨ ਵਿੱਚ 16 ਮਾਤਰਾਵਾਂ (4+4+4+4=16) ਪਰੰਤੂ ਇਹ ਤਿੰਨ ਤਾਲ ਨਾਲੋਂ ਤਾਲੀ, ਖਾਲੀ ਕਰਕੇ ਭਿੰਨ ਹੈ। ਜਿਹੜੇ ਤਾਲ ਆਪਣੇ ਆਵਰਤਨ ਦੇ ਵਿਭਾਗਾਂ/ਖੰਡਾਂ ਵਿੱਚ ਬਰਾਬਰ ਦੀਆਂ ਮਾਤਰਾਵਾਂ ਰੱਖਦੇ ਹਨ ਉਨ੍ਹਾਂ ਨੂੰ ਸਾਧਾਰਣ ਤਾਲ ਕਿਹਾ ਜਾਂਦਾ ਹੈ ਅਤੇ ਅਸਮਾਨ ਮਾਤਰਾਵਾਂ ਵਾਲੇ ਵਿਭਾਗ-ਯੁਕਤ ਤਾਲ ਨੂੰ ਜਟਿਲ ਜਾਂ ਸੰਕਰੀਣ ਤਾਲ ਕਿਹਾ ਜਾਂਦਾ ਹੈ। ਧਰੁਵ ਤਾਲ ਕਾਫੀ ਜਟਿਲ ਜਾਪਦਾ ਹੈ ਕਿਉਂਕਿ ਇਸ ਦੀਆਂ 29 ਮਾਤਰਾਵਾਂ (7+3+1+9+6+3=29) ਹਨ। ਇਸ ਤੋਂ ਬਿਨ੍ਹਾਂ ਕਈ ਪੱਛਮੀ ਤੇ ਪੂਰਬੀ ਤਾਲਾਂ ਵਿੱਚ ਕਦੇ ਕਦੇ ਅੱਧੀ ਮਾਤਰਾ ਦਾ ਪ੍ਰਯੋਗ ਵੀ ਮਿਲਦਾ ਹੈ। ਸਾਨੂੰ ਇਨ੍ਹਾਂ ਦੀ ਵਿਆਖਿਆ ਕਰਨ ਲਈ ਇਨ੍ਹਾਂ ਦੀਆਂ ਹੋਰ ਗੁੰਝਲਾਂ ਨੂੰ ਵੀ ਵਿਚਾਰਨਾ ਪਵੇਗਾ ਕਿਉਂ ਜੋ ਤਾਲ ਦੀ ਬਣਤਰ ਦੀ ਆਂਤਰਿਕ ਜਟਿਲਤਾ ਕਾਫੀ ਨਹੀਂ। ਇਸ ਪ੍ਰਕਿਰਿਆ ਨੂੰ ਤਿੰਨ ਤਾਲ ਦੇ ਚੱਕਰ ਦੁਆਰਾ ਦਰਸਾਇਆ ਜਾ ਸਕਦਾ ਹੈ। ਉਦਾਹਰਣ ਦੇ ਤੌਰ ਤੇ ਪਹਿਲੀ ਮਾਤਰਾ ਜੋ ਕਿ ਭਰੀ ਹੈ, ਨੂੰ ਸੰਗੀਤਕਾਰ 'ਸਮ' ਆਖਦੇ ਹਨ ਅਤੇ ਗਾਉਣ ਸਮੇਂ ਇਹ ਗਾਇਕ ਲਈ ਜ਼ਰੂਰੀ ਹੈ ਕਿ ਇਹ ਉਸ ਦੇ ਗਾਇਨ ਦੇ ਆਰੰਭਿਕ ਸੁਰ (ਘਰ) ਨਾਲ ਅੱਵਸ਼ ਹੀ ਮੇਲ ਖਾਵੇ। ਪੰਜਵੀਂ, ਨੌਵੀਂ ਅਤੇ ਤੇਰਵੀਂ ਮਾਤਰਾ ਤੋਂ ਇਨ੍ਹਾਂ ਬਾਕੀ ਮਾਤਰਾਵਾਂ ਸਾਧਾਰਨ ਬਲ ਦੇ ਕੇ ਵਜਾਈਆਂ ਜਾਂਦੀਆਂ ਹਨ। ਪੰਜਵੀਂ, ਤੇਰਵੀਂ ਮਾਤਰਾ ਉਤੇ ਬਾਕੀ ਮਾਤਰਾਵਾਂ ਨਾਲੋਂ ਵਧੇਰੇ ਬਲ ਦਿੱਤਾ ਜਾਂਦਾ ਹੈ।

ਇਹ ਬਲ ਸਮ ਨਾਲੋਂ ਘੱਟ ਹੁੰਦਾ ਹੈ। ਨੌਵੀਂ ਮਾਤਰਾ ਨੂੰ ਨਹੀਂ ਵਜਾਇਆ ਜਾਂਦਾ ਇਸ ਕਰਕੇ ਇਸ ਨੂੰ ਖਾਲੀ ਭਾਵ ਖਾਲੀ ਮਾਤਰਾ ਕਿਹਾ ਜਾਂਦਾ ਹੈ। ਜਦੋਂ ਇੱਕ ਤਬਲਾ ਵਾਦਕ ਬਹੁਤ ਸਾਰੀਆਂ ਮਾਤਰਾ ਵਜਾ ਕੇ ਸਮ ਉਤੇ ਆਉਂਦਾ ਹੈ ਜਾਂ ਸਮ ਵਿਖਾਉਂਦਾ ਹੈ ਤਾਂ ਉਹ ਸੰਗੀਤਕਾਰਾਂ ਦੀ ਵਾਹਵਾ ਪ੍ਰਾਪਤ ਕਰਦਾ ਹੈ। ਇਹ ਉਸ ਦੇ ਘਰ ਪਰਤਣ/ਆਉਣ ਜਾਂ ਤਾਲ ਚੱਕਰ ਦੇ ਘਰ ਦੀ ਸੂਚਕ ਹੈ ਪਰੰਤੂ ਇੱਕ ਤਾਲ ਚੱਕਰ ਦੇ ਆਰੰਭ ਅਤੇ ਮੁੜ ਆਉਣ ਹਿਤ ਇਹ ਮਾਤਰਾ ਹਮੇਸ਼ਾ ਅਧਿਕ ਬਲ ਵਾਲਾ ਪੱਲ ਹੈ। ਇਸ ਲਈ ਘਰੁ ਸ਼ਬਦ ਤਾਲ ਚੱਕਰ ਦੇ ਕਿਸੇ ਹੋਰ ਅੰਕ ਲਈ ਨਹੀਂ ਵਰਤਿਆ ਜਾ ਸਕਦਾ। ਇਸ ਤਰ੍ਹਾਂ ਘਰੁ ਹਮੇਸ਼ਾਂ ਨੰਬਰ ਇਕ ਹੋਵੇਗਾ ਦੋ ਤਿੰਨ ਚਾਰ ਆਦਿ ਨਹੀਂ। ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਥੇ ਇਹ ਵੀ ਕਿੰਤੂ ਕੀਤਾ ਜਾ ਸਕਦਾ ਹੈ ਕਿ ਪੱਛਮੀ ਸੰਗੀਤ ਵਿੱਚ ਸਮ ਆਦਿ ਦਾ ਪ੍ਰਯੋਗ ਤਾਲ ਵਿਚ ਨਹੀਂ ਮਿਲਦਾ। ਤੀਸਰੇ, ਘਰੁ ਸ਼ਬਦ ਸਬੰਧੀ ਇਕ ਹੋਰ ਵਿਵਰਣ ਵੀ ਵਾਚਣਯੋਗ ਹੈ। ਕੁਝ ਸ਼ਬਦਾਂ ਦੇ ਅੰਤਰਗਤ ਜਾਂ ਸਿਰਲੇਖ ਵਜੋਂ ਅੰਕਤ ਹੈ ਜਿਵੇਂ :

"ਰਾਗੁ ਆਸਾ ਮਹਲਾ 5 ਘਰੁ 15 ਪੜਤਾਲ"

ਕੁਝ ਲੇਖਕ ਇਹ ਸਵੀਕਾਰਦੇ ਸਨ ਕਿ ਪੜਤਾਲ ਲੈਅ ਦੀਆਂ ਵਿਭਿੰਨਤਾਵਾਂ ਤੇ ਤਾਲ ਦਾ ਲੈਅ ਵੱਲ ਸੰਕੇਤ ਕਰਦੀ ਹੈ। ਪਰੰਤੂ ਇਸ ਤਰ੍ਹਾਂ ਤਾਂ ਅਸੀਂ ਇਹ ਕਹਿ ਸਕਾਂਗੇ ਕਿ ਜੇਕਰ 'ਘਰੁ' ਸ਼ਬਦ ਤਾਲ ਲਈ ਪ੍ਰਯੋਗ ਕੀਤਾ ਜਾਂਦਾ ਹੋਵੇ ਤਾਂ ਸ਼ਬਦ 'ਪੜ-ਘਰੁ' ਵੀ ਵਰਤਿਆ ਜਾਣਾ ਚਾਹੀਦਾ ਸੀ।

ਚੌਥੇ, ਗੁਰੂ ਸਾਹਿਬਾਨ ਨੇ ਬਾਣੀ ਅਧੀਨ ਕਈ ਵਾਰ ਤਾਲ ਸ਼ਬਦ ਦਾ ਇਸਤੇਮਾਲ ਕੀਤਾ ਹੈ ਜਿਵੇਂ ਕਿ 'ਆਸਾ ਦੀ ਵਾਰ' ਵਿਚ ਫੁਰਮਾਨ ਹੈ :

ਰੋਟੀਆ ਕਾਰਣਿ ਪੂਰਹਿ ਤਾਲ

ਇਸ ਲਈ ਗੁਰੂ ਸਾਹਿਬਾਨ ਨੇ ਤਾਲ ਲਈ 'ਘਰੁ' ਸ਼ਬਦ ਦਾ ਪ੍ਰਯੋਗ ਨਹੀਂ ਕੀਤਾ ਕਿਉਂਕਿ ਪ੍ਰਚੱਲਿਤ ਸ਼ਬਦ 'ਤਾਲ' ਪਹਿਲਾਂ ਹੀ ਪ੍ਰਚਾਰ ਵਿੱਚ ਸੀ। ਸ਼ਬਦਾਂ ਦੇ ਹੇਠ ਲਿਖੇ ਕੁਝ ਸੰਕੇਤ ਧਿਆਨਯੋਗ ਹਨ :

(ੳ) ਪਹਿਰਿਆ ਕੇ ਘਰੁ ਗਾਵਣਾ

(ਅ) ਏਕ ਸੁਆਨ ਕੇ ਘਰੁ ਗਾਵਣਾ

ਏਥੇ ਕੇਵਲ ਪਹਿਲਾਂ ਪ੍ਰਯੋਗ ਕੀਤੇ ਗਏ 'ਘਰੁ' ਸਬੰਧੀ ਹੀ ਸੰਕੇਤ ਕੀਤਾ ਗਿਆ ਹੈ ਜਿਵੇਂ ਕਿ ਸ੍ਰੀ ਰਾਗ ਪਹਰੇ ਮਹਲਾ 1 ਘਰੁ 1

ਇਸ ਲਈ ਘਰੁ 1 ਬਾਅਦ ਵਿੱਚ ਆਏ ਸੰਕੇਤ (ੳ) ਲਈ ਵੀ ਵਰਤਿਆ ਜਾਵੇਗਾ। ਅਜਿਹਾ ਹੀ ਸੰਕੇਤ (ਅ) ਲਈ ਵੀ ਹੈ।

ਉਪਰੋਕਤ ਦਲੀਲਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਘਰੁ ਸ਼ਬਦ ਤਾਲ ਜਾਂ ਤਾਲ ਦੇ ਚੱਕਰ ਅਧੀਨ ਆਉਣ ਵਾਲੀਆਂ ਮਾਤ੍ਰਾਵਾਂ ਨੂੰ ਨਹੀਂ ਦਰਸਾਉਂਦਾ। ਸਗੋਂ 'ਘਰੁ' ਸ਼ਬਦ ਤੇ ਆਰੰਭਿਕ ਸੁਰ ਲਈ ਪ੍ਰਯੋਗ ਕੀਤਾ ਗਿਆ ਹੈ। ਜਿਸ ਦੀ ਅਗਲੇ ਪੰਨੇ ਅਨੁਸਾਰ ਵਿਆਖਿਆ ਕੀਤੀ ਜਾ ਸਕਦੀ ਹੈ।

ਆਓ ਜਰਾ ਘਰੁ ਸ਼ਬਦ ਦੇ ਭਾਵਾਰਥ ਨੂੰ ਪ੍ਰਥਮ ਸੁਰ ਵਲੋਂ ਵਿਸਤਾਰ ਸਹਿਤ ਨਿਰੀਖਣ ਕਰੀਏ। ਸੰਸਕ੍ਰਿਤ ਦਾ ਪ੍ਰਾਚੀਨ ਸ਼ਬਦ 'ਗ੍ਰਿਹਿ' ਹੀ ਪੰਜਾਬੀ ਭਾਸ਼ਾ ਵਿਚ 'ਘਰੁ' ਵਜੋਂ ਪਰਿਵਰਤਿਤ ਹੋਇਆ ਹੈ। ਵੈਦਿਕ ਕਾਲ ਵਿੱਚ ਵੀ ਗ੍ਰਹਿ ਕਿਸੇ ਗੀਤ ਦੇ ਪ੍ਰਾਥਮਿਕ ਸੁਰ ਵਜੋਂ ਪ੍ਰਯੋਗ ਕੀਤਾ ਜਾਂਦਾ ਸੀ। ਅਜਿਹੀ ਪ੍ਰਗਤੀ ਪੱਛਮੀ ਸੰਗੀਤਕ ਸੰਵਾਦ ਵਿੱਚ ਵੀ ਹੋਈ ਜਿਸ ਨੂੰ ਅੰਗਰੇਜ਼ ਸੰਗੀਤਕਾਰਾਂ ਨੇ 'ਹੋਮ ਨੋਟ' ਆਖਿਆ ਜੋ ਅਜੇ ਵੀ ਪ੍ਰਚੱਲਿਤ ਹੈ। ਉਨ੍ਹਾਂ ਇਸ ਨੂੰ 'ਟੋਨਿਕ' ਵੀ ਕਿਹਾ ਕਿਉਂਕਿ ਆਰੰਭਿਕ ਸੁਰ ਕਿਸੇ ਸੁਰਾਵਲੀ ਦੇ ਸਮੁੱਚ ਨੂੰ ਨਿਰਧਾਰਤ ਕਰਦਾ ਹੈ। ਬੰਦਸ਼ ਗ੍ਰਹਿ ਸੁਰ ਤੋਂ ਆਰੰਭ ਹੁੰਦੀ ਹੈ। ਕਈ ਸੁਰਾਂ ਦੁਆਰਾ ਵਿਸਤਾਰ ਗ੍ਰਹਿਣ ਕਰਦੀ

ਹੋਦੀ ਫੇਰ 'ਗ੍ਰਹਿ' ਵਿਖੇ ਪਰਤ ਆਉਂਦੀ ਹੈ ਜਿਸ ਨੂੰ ਗ੍ਰਹਿ ਸੁਰ (ਹੋਮ ਨੋਟ) ਕਿਹਾ ਜਾਂਦਾ ਹੈ ਜਿਹੜਾ ਸਰੋਤੇ ਨੂੰ ਸੰਪੂਰਣਤਾ ਦੇ ਆਭਾਸ ਦੁਆਰਾ ਤ੍ਰਿਪਤੀ ਦਾ ਅਨੁਭਵ ਕਰਵਾਉਂਦੀ ਹੈ। ਇਸ ਕਿਸਮ ਦੇ ਪ੍ਰਭਾਵ ਦੀ ਸੁਰਾਤਮਿਕਤਾ ਨੂੰ ਸਾਡੇ ਮਨਾਂ ਵਿੱਚ ਦ੍ਰਿੜਾਉਣ ਦਾ ਕਾਰਜ ਕੀਤਾ ਹੈ। ਉਦਾਹਰਣ ਦੇ ਤੌਰ ਤੇ ਜੇਕਰ ਅਸੀਂ 'ਸਾਰੇ' ਨੂੰ ਗਾਈਏ ਜਾਂ ਵਜਾਈਏ ਤਾਂ ਸਾਨੂੰ ਸੰਪੂਰਣ ਤ੍ਰਿਪਤੀ ਦਾ ਅਹਿਸਾਸ ਨਹੀਂ ਹੋਵੇਗਾ। ਇਸ ਤਰ੍ਹਾਂ ਸਾਡੇ ਮਨਾਂ ਵਿਚ ਇਕ ਤਣਾਵ ਪੈਦਾ ਹੋ ਜਾਵੇਗਾ ਜੋ ਤਾਂ ਹੀ ਦੂਰ ਹੋ ਸਕੇਗਾ ਜੇਕਰ ਅਸੀਂ ਮੁੜ 'ਸਾ' ਦਾ ਪ੍ਰਯੋਗ ਕਰਾਂਗੇ। ਇਸ ਤਰ੍ਹਾਂ ਇਹ ਛੋਟੀ ਜਿਹੀ ਸੁਰਾਵਲੀ ਵੀ ਆਪਣੇ ਅੰਤ ਤੋਂ ਪਹਿਲਾਂ ਆਪਣੇ ਮੂਲ ਸੁਰ ਉਤੇ ਪਹੁੰਚਦੀ ਹੈ ਜਿਸ ਤੋਂ ਕਿ ਇਹ ਆਰੰਭ ਹੋਈ ਸੀ ਜਿਸ ਨੂੰ ਇਸ ਸੁਰਾਵਲੀ ਦੇ ਮੂਲ ਸੁਰ ਵਜੋਂ ਤਿਆਗਿਆ ਗਿਆ ਸੀ।

ਸੰਗੀਤ ਦੇ ਮੂਲ ਸਿਧਾਂਤ ਵਿਸ਼ਵ ਦੇ ਸਮੂਹ ਵਿਭਿੰਨ ਇਲਾਕਿਆਂ ਵਿੱਚ ਇੱਕੋ ਜਿਹੇ ਹੋਣ ਕਰਕੇ ਹੀ ਸੰਗੀਤ ਨੂੰ ਸਰਬ ਵਿਆਪੀ ਭਾਸ਼ਾ ਕਿਹਾ ਜਾਂਦਾ ਹੈ। ਪੂਰਬ ਤੇ ਪੱਛਮ ਵਿੱਚ ਬਹੁਤ ਸਾਰੇ ਗਿਆਨ ਦਾ ਆਦਾਨ ਪ੍ਰਦਾਨ ਹੋਇਆ ਜਿਹੜਾ ਮੱਧ ਯੂਨਾਨੀ ਦੇਸ਼ਾਂ ਤੋਂ ਲੈ ਕੇ ਪੰਜਾਬ ਤੱਕ ਫੈਲਿਆ। ਅਸੀਂ ਕਹਿ ਸਕਦੇ ਹਾਂ ਕਿ ਮੂਲ ਸੁਰ (ਗ੍ਰਹਿ ਸੁਰ) ਪੱਛਮ ਵਿਚ ਹੀ ਸਮਾਨ ਰੂਪ ਵਜੋਂ ਵਿਸ਼ਿਸ਼ਟ ਹੈ। ਉਦਾਹਰਣ ਦੇ ਤੌਰ ਤੇ ਇਹ ਸੰਗੀਤਕ 'ਸੀ (ਸਾ) ਮੇਜਰ' ਜਾਂ 'ਸੀ ਮਾਈਨਰ ਅਤੇ 'ਡੀ (ਰੇ) ਮੇਜਰ' ਜਾਂ 'ਡੀ ਮਾਈਨਰ' ਜਾਂ ਇਸੇ ਤਰ੍ਹਾਂ ਕਾਰਜਸ਼ੀਲ ਰਹਿੰਦੀਆਂ ਹਨ। ਸਪਸ਼ਟ ਹੈ ਕਿ ਪਹਿਲਾਂ ਸੁਰ 'ਸੀ' ਜਾਂ 'ਡੀ' ਹੀ ਹੋਵੇਗਾ ਭਾਵੇਂ ਇਹ ਮੇਜਰ ਮੋਡ ਦਾ ਹੋਵੇ ਜਾਂ ਮਾਈਨਰ ਮੋਡ ਦਾ। ਇਸ ਤਰ੍ਹਾਂ ਬਾਕੀ ਆਉਣ ਵਾਲੇ ਸੁਰਾਂ ਵਿੱਚ ਥੋੜ੍ਹੀ ਜਿਹੀ ਭਿੰਨਤਾ ਹੋਵੇਗੀ ਭਾਵੇਂ ਸਕੇਲ ਮੇਜਰ ਹੋਵੇ ਜਾਂ ਮਾਈਨਰ।

ਮਾਨਵੀ ਵਿਕਾਸ ਦੀਆਂ ਦੂਸਰੀਆਂ ਪ੍ਰਕ੍ਰਿਆਵਾਂ ਵਾਂਗੂੰ ਸੰਗੀਤ ਵੀ ਸਹਿਜੇ ਸਹਿਜੇ ਵਿਕਸਿਤ ਹੋਇਆ। ਆਰੰਭ ਵਿੱਚ ਕਾਵਿ (ਮੰਤਰ ਆਦਿ) ਗਾਇਨ ਹਿਤ ਕੇਵਲ ਇੱਕ ਸੁਰ ਦਾ ਪ੍ਰਯੋਗ ਕੀਤਾ ਜਾਂਦਾ ਸੀ ਜਿਸ ਨੂੰ ਪ੍ਰਥਮ ਜਾਂ ਆਰੰਭਿਕ ਸੁਰ ਕਿਹਾ ਜਾਂਦਾ ਸੀ। ਫੇਰ ਸਮਾਂ ਪਾ ਕੇ 400 ਬੀ.ਸੀ. ਦੇ ਕਰੀਬ ਚਾਰ ਸੁਰ ਇਸਤੇਮਾਲ ਹੋਣ ਲੱਗ ਪਏ ਜਿਨ੍ਹਾਂ ਨੂੰ 'ਰਿਕਪ੍ਰਤਿਸਾਂਖਯੇ' ਕਿਹਾ ਜਾਂਦਾ ਸੀ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਸਨ :

ਪ੍ਰਥਮਾ-ਪਹਿਲਾ
ਦ੍ਵਿਤੀਆ-ਦੂਜਾ
ਤ੍ਰਿਤੀਆ-ਤੀਜਾ
ਚਤੁਰਥਾ-ਚੌਥਾ

ਸਪਤਕ ਨੂੰ ਪੂਰਾ ਕਰਨ ਵਾਲੇ ਬਾਕੀ ਦੇ ਤਿੰਨੇ ਸੁਰ ਬਾਅਦ ਵਿੱਚ ਵਿਕਸਿਤ ਹੋਏ ਜਿਨ੍ਹਾਂ ਨੂੰ ਕ੍ਰਮਵਾਰ ਪੰਚਮਾ (ਪੰਜਵਾਂ), ਸਸਥਾ (ਛੇਵਾਂ) ਸਪਤਮਾ (ਸੱਤਵਾਂ) ਸੁਰ ਕਿਹਾ ਜਾਣ ਲੱਗਾ ਅਤੇ ਬਾਅਦ ਵਿੱਚ ਸੰਗੀਤਕਾਰਾਂ ਨੇ ਇਨ੍ਹਾਂ ਸੁਰਾਂ ਦੇ ਨਾਂਵਾਂ ਨੂੰ ਕੁਝ ਵਿਸ਼ੇਸ਼ ਪਸ਼ੂ ਪੰਛੀਆਂ ਦੀ ਅਵਾਜ਼

ਦੀ ਨਕਲ ਵਜੋਂ ਵੀ ਮਾਨਤਾ ਦਿੱਤੀ ਜਿਵੇਂ ਮੋਰ ਦੀ ਆਵਾਜ਼ ਤੋਂ ਸ਼ੜਜ ਜਾਂ ਸਾ ਤੇ ਕੋਇਲ ਦੀ ਆਵਾਜ਼ ਤੋਂ ਪੰਚਮ ਜਾਂ ਪਾ।

ਸਪਤਕ ਦੇ ਸੁਰ ਹਾਰਮੋਨੀਅਮ ਵਿੱਚ ਚਿੱਟੇ ਰੰਗ ਦੇ ਹੁੰਦੇ ਹਨ ਅਤੇ ਉਨ੍ਹਾਂ ਦੇ ਨਾਮ ਹੇਠ ਲਿਖੇ ਅਨੁਸਾਰ ਪ੍ਰਚਾਰ ਵਿੱਚ ਹਨ :

| | |
|---|---|
| ਭਾਰਤੀ ਸੁਰ ਲਿਪੀ | : ਸਾ,ਰੇ,ਗਾ,ਮਾ,ਪਾ,ਧਾ,ਨੀ |
| ਇੰਗਲਿਸ਼ ਸੁਰ ਲਿਖੀ | : ਸੀ,ਡੀ,ਈ,ਐਫ,ਜੀ,ਏ,ਬੀ |
| ਅੰਕ ਸਰਬ ਪ੍ਰਵਾਨਿਤ | : 1,2,3,4,5,6,7 |

ਗੁਰੂ ਸਾਹਿਬਾਨ ਨੇ ਗ੍ਰਹਿ ਸੁਰ ਦੇ ਸੂਚਕ ਵਜੋਂ ਅੰਕ ਵਾਚਕ ਸੁਰਲਿਪੀ ਵਰਤੀ ਹੈ ਜਿਸ ਨੂੰ ਉਨ੍ਹਾਂ ਆਪਣੀ ਬਾਣੀ ਵਿੱਚ 'ਘਰੁ' ਕਿਹਾ ਹੈ ਕਿਉਂਕਿ ਉਸ ਸਮੇਂ ਨਾ ਤਾਂ ਹਾਰਮੋਨੀਅਮ ਦੀ ਈਜ਼ਾਦ ਹੋਈ ਸੀ ਅਤੇ ਨਾ ਹੀ 12 ਸੁਰੀ ਸਪਤਕ ਸੀ ਅਤੇ ਭਾਈ ਮਰਦਾਨਾ ਨੇ ਰਬਾਬ ਦੀਆਂ ਤਾਰ ਦੀ ਸੰਗੀਤ ਕਰਨ ਲਈ ਰਬਾਬ ਸਾਜ਼ ਵਜਾਇਆ। ਇਹ 'ਘਰੁ' ਰਬਾਬ ਦੇ ਤਾਰ ਉਤੇ ਉਤਪੰਨਾਂ ਹੋਣ ਵਾਲੇ 17 ਸੁਰਾਂ ਤੇ ਹੀ ਆਧਾਰਿਤ ਸੀ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਇਹ 17 ਸੁਰਾਂ ਵਾਲਾ ਸਪਤਕ ਅਰਬ ਵਿੱਚ ਅਜੇ ਵੀ ਪ੍ਰਚਾਰ ਵਿੱਚ ਹੈ ਅਤੇ ਇਸ ਦੇ 17 ਸੁਰ ਸਪਤਕ (ਸ਼ੁੱਧ) ਵਿਚ ਅਸਮਾਨ ਤੌਰ ਤੇ ਵੰਡ ਦਿਤੇ ਗਏ ਜਿਹੜੇ ਹਰਮੋਨੀਅਮ ਦੇ ਚਿੱਟੇ ਸੁਰ ਹਨ। 'ਰਾਗ' ਅਤੇ 'ਘਰੁ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਸ਼ਬਦਾਂ ਉਪਰ ਸਿਰਲੇਖ ਵਜੋਂ ਅੰਕਿਤ ਹਨ। ਮਹਲਾ ਅਤੇ ਘਰੁ ਦੇ ਅੰਕ ਦਿੱਤੇ ਗਏ ਹਨ ਜਿਨ੍ਹਾਂ ਨੂੰ ਪਰੰਪਰਾਗਤ ਵਿਧੀ ਦੁਆਰਾ ਉਚਾਰਿਆ ਜਾਂਦਾ ਹੈ। ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਪਹਿਲੇ, ਦੂਜੇ ਅਤੇ ਤੀਜੇ 'ਘਰੁ' ਵਿਚ ਜ਼ਿਆਦਾ ਸ਼ਬਦ ਹਨ ਜਿਹੜੇ ਸ਼ੜਜ ਦੁਆਰਾ ਵਿਸਥਾਰ ਗ੍ਰਹਿਣ ਕਰਦੇ ਹਨ। ਬਾਕੀ ਘਰਾਂ ਵਿਚ ਸ਼ਬਦਾਂ ਦੀ ਗਿਣਤੀ ਘਟਦੀ ਹੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਾ ਰਾਗ ਵਿਚ ਕ੍ਰਮਵਾਰ ਇਕ ਤੋਂ ਲੈ ਕੇ ਸਤਾਰਾਂ ਘਰੁ (ਚੌਥੇ ਤੇ ਸੋਲਵੇਂ ਨੂੰ ਛੱਡਕੇ) ਮੌਜੂਦ ਹਨ। ਇਸ ਸਬੰਧ ਵਿਚ ਅਸੀਂ ਇਹ ਕਹਿ ਸਕਦੇ ਹਾਂ ਪੂਰਬ ਵਿਚ ਆਮ ਕਰਕੇ, ਪੱਛਮ ਵਿੱਚ ਵੀ ਸੰਗੀਤਕਾਰ ਸਥਾਨਾਂਤਰਣ (ਟਰਾਸਪੋਜ਼ੀਸ਼ਨ) ਦੀ ਵਿਧੀ ਇਸਤੇਮਾਲ ਕਰਦੇ ਸਨ ਜਿਸ ਨੂੰ 'ਹਾਰਵਾਰਡ ਡਿਕਸ਼ਨਰੀ ਆਫ ਮਿਊਜ਼ਕ' ਵਿਚ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ :

"ਕਿਸੇ ਸੰਗੀਤ ਰਚਨਾ ਨੂੰ ਉਸ ਦੇ ਮੂਲ ਸੁਰ ਤੋਂ ਭਿੰਨ ਸੁਰ ਤੋਂ ਵਜਾਉਣਾ ਜਿਸ ਵਿੱਚ ਆਵਾਜ਼ (ਪਿਚ) ਤੋਂ ਬਿਨ੍ਹਾਂ ਬਾਕੀ ਸੰਗੀਤ ਨਹੀਂ ਬਦਲਦਾ ਤੇ ਵਿਚਾਰ ਅਧੀਨ ਵਿਸ਼ੇ ਨੂੰ ਪੁਨਰਵਾਚੀਏ ਤਾਂ ਇਹ ਵਿਧੀ ਭਾਵਾਂ ਨੂੰ ਆਰੰਭਿਕ ਸੁਰ ਦੀ ਆਵਾਜ਼ ਵਾਂਗੁ ਹੋਰ ਵੀ ਪ੍ਰਬਲ ਕਰਦੀ ਹੈ ਜਦੋਂ ਕਿ ਨਤੀਜੇ ਵਜੋਂ ਸ਼ਬਦ ਦੇ ਬਾਕੀ ਸੁਰ ਵੀ ਉਚੇ ਹੁੰਦੇ ਜਾਂਦੇ ਹਨ। ਇਸ ਤੱਥ ਦੀ ਪੁਸ਼ਟੀ ਲਈ ਅਸੀਂ ਵੀ.ਐਚ.ਡੀ ਦੇਸ਼ਪਾਂਡੇ ਦੀ ਪੁਸਤਕ 'ਇੰਡੀਅਨ ਮਿਊਜ਼ੀਕਲ ਟਰਡੀਸ਼ਨਜ਼' ਵਿਚਲੇ

ਅਬਦੁਲ ਕਰੀਮ ਖਾਂ (1872-1937) ਸਬੰਧੀ ਹਵਾਲਾ ਦੇ ਸਕਦੇ ਹਾਂ" ਕਿਰਾਨਾ ਘਰਾਣੇ ਦੀ ਰੀਤ ਹੈ ਕਿ ਉਹ ਸੰਮੋਹਨ ਵਧਾਉਣ ਲਈ ਤਾਨਪੁਰਾ ਪੰਚਮ (ਪੰਜਵੇਂ ਸੁਰ) ਦੀ ਬਜਾਏ ਨਿਸ਼ਾਦ (ਸੱਤਵੇਂ ਸੁਰ) ਉਤੇ ਮਿਲਾਉਂਦੇ ਹਨ।"

ਲੇਖਕ ਨੂੰ ਇਹ ਪਤਾ ਲੱਗਾ ਹੈ ਕਿ ਕੁਝ ਸਾਲ ਪਹਿਲਾ 'ਘਰੁ' ਨੂੰ ਗ੍ਰਹਿ (ਆਰੰਭਿਕ) ਸੁਰ ਵਜੋਂ ਮੰਨਣ ਦੇ ਸੰਕਲਪ ਸਬੰਧੀ ਨਿਰਮਲੇ ਸੰਤ ਤਾਰਾ ਸਿੰਘ ਨਰੋਤਮ ਪਟਿਆਲੇ ਵਾਲਿਆਂ ਨੇ ਆਪਣੀ ਪੁਸਤਕ 'ਗੁਰਮਤਿ ਨਿਰਣੈ ਸਾਗਰ' ਵਿਚ ਰੋਸ਼ਨੀ ਪਾਈ ਹੈ। ਲੇਖਕ ਧੰਨਵਾਦੀ ਹੋਵੇਗਾ ਜੇਕਰ ਕੋਈ ਵਿਦਵਾਨ ਸਾਰ ਰੂਪ ਵਿਚ ਇਹ ਜਾਣਕਾਰੀ ਅੰਮ੍ਰਿਤ ਕੀਰਤਨ ਦੇ ਐਡਰੈਸ ਉਤੇ ਉਪਲਬਧ ਕਰਵਾ ਸਕੇ ਕਿ ਸੰਤ ਜੀ ਨੇ ਇਸ ਸਬੰਧ ਵਿਚ ਕੀ ਲਿਖਿਆ ਹੈ।

— ਅਨੁਵਾਦਕ ਡਾ: ਗੁਰਨਾਮ ਸਿੰਘ

# ਭਾਈ ਸਮੁੰਦ ਸਿੰਘ ਜੀ ਨਾਲ ਕੁਝ ਪਲ



ਸੁਰਜੀਤ ਸਿੰਘ ਮਰਜਾਰਾ

ਇਸ ਸਦੀ ਦੇ, ਗੁਰੂ ਘਰ ਦੇ ਮਹਾਨ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਨਾਲ ਕੁਝ ਪਲ ਬੈਠਣ ਦਾ, ਇਹਨਾਂ ਸਤਰਾਂ ਦੇ ਲੇਖਕ ਨੂੰ ਜੋ ਸੁਭਾਗ ਪ੍ਰਾਪਤ ਹੋਇਆ ਸੀ, ਉਹ ਅੱਜ ਵੀ ਸਮੀਰ ਪੌਣ ਵਾਂਗ ਸੱਜਰ ਲਗਦਾ ਹੈ।

ਗੱਲ ਸ਼ਾਇਦ 1957-58 ਦੀ ਹੈ। ਮੇਰੇ ਬਹਿਨੋਈ ਸ੍ਰ: ਰਤਨ ਸਿੰਘ ਕੌਂਥ ਤੇ ਭੈਣ ਨਛੱਤਰ ਕੌਰ ਦੇ ਗ੍ਰਹਿ ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਰਖਵਾਇਆ ਗਿਆ ਸੀ। ਭੋਗ ਵਾਲੇ ਦਿਨ, ਭਾਈ ਸਮੁੰਦ ਸਿੰਘ ਜੀ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਨਾ ਸੀ। ਭਾਈ ਸਾਹਿਬ ਨੂੰ, ਉਹਨਾਂ ਦੇ ਨਿਵਾਸ-ਅਸਥਾਨ (ਲੁਧਿਆਣਾ) ਤੋਂ ਮਾਧੋਪੁਰੀ (ਲੁਧਿਆਣਾ) ਗ੍ਰਹਿ ਤੱਕ ਲਿਆਉਣ ਦੀ ਡਿਊਟੀ ਮੇਰੀ ਹੀ ਲਾਈ ਗਈ ਸੀ।

ਦੋ ਰਿਕਸ਼ੇ ਲੈ ਕੇ ਜਦੋਂ ਮੈਂ ਉਹਨਾਂ ਦੇ ਨਿਵਾਸ-ਅਸਥਾਨ ਤੇ ਪੁੱਜਿਆ ਤਾਂ ਉਸ ਵੇਲੇ ਭਾਈ ਸਾਹਿਬ, ਸਾਡੀ ਉਡੀਕ ਵਿਚ, ਤਿਆਰ ਬਰਤਿਆਰ ਬੈਠੇ ਸਨ। ਭਾਈ ਸਾਹਿਬ ਜੀ ਨੇ 'ਜੀ ਆਇਆਂ' ਆਖ ਕੇ, ਮੈਨੂੰ ਆਪਣੇ ਕੋਲ ਪਿਆਰ ਸਹਿਤ ਬਿਠਾਇਆ।

"ਬੱਸ ਦੋ ਕੁ ਮਿੰਟ ਠਹਿਰੋ" ਭਾਈ ਸਾਹਿਬ ਨੇ ਬੋਲ ਮੂੰਹੋਂ ਹੀ ਕੱਢੇ ਸਨ ਕਿ ਉਹਨਾਂ ਦੇ ਧਰਮਪਤਨੀ, ਇਕ ਥਾਲ ਵਿਚ ਸੁੱਕੇ ਮੇਵੇ ਲੈ ਆਏ ਸਨ। ਉਹਨਾਂ ਵਾਰੋ ਵਾਰੀ ਥਾਲ ਸਾਡੇ ਅੱਗੇ ਕੀਤਾ। ਹੁਣ ਤੱਕ, ਉਹਨਾਂ ਦੇ ਦੂਜੇ ਦੋਵੇਂ ਸਾਥੀ ਵੀ ਪੁੱਜ ਚੁੱਕੇ ਸਨ।

"ਮੈਂ ਅੰਮ੍ਰਿਤ ਵੇਲੇ ਸੁੱਕੇ ਮੇਵੇ ਹੀ ਛਕਦਾ ਹਾਂ।" ਭਾਈ ਸਾਹਿਬ ਦੱਸ ਰਹੇ ਸਨ। ਬਦਾਮ, ਕਿਸ਼ਮਿਸ਼ ਕਾਜੂ, ਨਿਊਜ਼ੇ, ਪਿਸਤਾ, ਛੋਟੀ ਇਲਾਇਚੀ ਤੇ ਮਿਸਰੀ ਥਾਲ ਵਿਚ ਰੱਖੇ ਹੋਏ ਸਨ।

ਉਹਨਾਂ ਦੇ ਸਾਥੀਆਂ ਨੇ, ਸਾਜ਼ਾਂ ਨੂੰ ਰਿਕਸ਼ਿਆਂ ਵਿਚ ਰੱਖ ਲਿਆ ਸੀ। ਅਸੀਂ ਘਰ ਵੱਲ ਤੁਰ ਪਏ ਸਾਂ। ਭਾਈ ਸਾਹਿਬ ਆਪਣੇ ਇੱਕ ਸਾਥੀ ਨਾਲ ਦੂਜੇ ਰਿਕਸ਼ੇ ਵਿਚ ਸਨ। ਮੇਰੇ ਨਾਲ ਉਹਨਾਂ ਦਾ ਜੋੜੀ ਵਜਾਉਣ ਵਾਲਾ ਸੰਗੀ ਸੀ। ਭਾਈ ਸਾਹਿਬ ਨਾਲ, ਕੋਈ ਗੱਲ ਸਾਂਝੀ ਕਰਨ ਲਈ ਮਨ ਵਿਚ ਬਿਹਬਲ ਹੋ ਰਿਹਾ ਸੀ।

ਘਰ ਆ ਗਿਆ ਸੀ। ਰਿਕਸ਼ਾ ਵਾਲੇ ਕਰਾਇਆ ਲੈ ਕੇ ਚਲੇ ਗਏ ਸਨ। ਮੈਂ ਭਾਈ ਸਾਹਿਬ ਦੇ ਸਾਥੀਆਂ ਨਾਲ, ਸਾਜ਼ਾਂ ਨੂੰ ਸੰਭਾਲ ਕੇ ਉਹਨਾਂ ਨੂੰ ਘਰ ਦੇ ਵਰਾਂਡੇ ਵਿਚ ਲੈ ਆਇਆ ਸੀ।

ਸਿਆਲ ਦੀ ਰੁੱਤ, ਵੇਲਾ ਸਵੇਰ ਦੇ ਛੇ ਕੁ ਵਜੇ ਦਾ ਹੋਵੇਗਾ। ਵਰਾਂਡੇ ਵਿਚ ਫਰਸ਼ ਵਿਛੇ ਹੋਏ ਸਨ। ਬਿਜਲੀ ਦੇ ਲਾਟੂ ਜਗਮਗਾ ਰਹੇ ਸਨ। ਭਾਈ ਸਾਹਿਬ ਨੂੰ ਵੇਖਦਿਆਂ, ਘਰ ਦੇ ਸਾਰੇ ਮੈਂਬਰ, ਉਹਨਾਂ ਕੋਲ ਆ ਗਏ ਸਨ, ਸਭ ਦੇ ਮਨਾਂ ਵਿਚ ਭਾਈ ਸਾਹਿਬ ਨੂੰ ਦੇਖਣ, ਮਿਲਣ ਤੇ ਸੁਣਨ ਦਾ ਚਾਅ ਸੀ।

ਭਾਈ ਸਾਹਿਬ ਤੇ ਉਹਨਾਂ ਦੇ ਸਾਥੀਆਂ ਦੀ ਸੇਵਾ ਵਿਚ ਰਹਿਣ ਲਈ, ਮੈਨੂੰ ਘਰ ਵਾਲਿਆਂ ਵੱਲੋਂ ਫਿਰ ਆਦੇਸ਼ ਹੋ ਚੁੱਕਿਆ ਸੀ।

"ਕੀ ਛਕੋਗੇ ?" ਮੈਂ, ਭਾਈ ਸਾਹਿਬ ਜੀ ਨੂੰ ਪੁੱਛਿਆ ਸੀ।

"ਚੌਕੀ ਭਰਨ ਸਮੇਂ, ਪਹਿਲਾਂ ਚਾਹ ਦੀ ਇਕ ਇਕ ਪਿਆਲੀ ਜ਼ਰੂਰ ਪੀਵਾਂਗੇ।" ਜਦੋਂ ਅਸੀਂ ਚਾਹ ਪੀ ਰਹੇ ਸਾਂ ਤੇ ਭਾਈ ਸਾਹਿਬ ਜੀ ਨੂੰ, ਮੈਂ ਪੁੱਛਿਆ ਸੀ, "ਤੁਸੀਂ ਹੁਣ ਤਕ ਕਿੱਥੇ ਕਿੱਥੇ ਕੀਰਤਨ ਕੀਤਾ ਹੈ ਤੇ ਕਿਹੜੇ ਕਿਹੜੇ ਰੇਡੀਓ ਸਟੇਸ਼ਨਾਂ ਤੋਂ ਪ੍ਰੋਗਰਾਮ ਪ੍ਰਸਾਰਤ ਕੀਤੇ ਹਨ ?" ਸ੍ਰੀ ਨਨਕਾਣਾ ਸਾਹਿਬ ਜੀ ਦੇ ਹਜ਼ੂਰੀ ਰਾਗੀ ਦੇ ਤੌਰ ਤੇ ਤਾਂ ਸੇਵਾ ਨਿਭਾਈ ਹੀ ਹੈ, ਪਰੰਤੂ ਜਿੱਥੇ ਵੀ ਕੋਈ ਪਿਆਰ ਨਾਲ ਬੁਲਾਵੇ, ਜ਼ਰੂਰ ਪੁੱਜਣ ਦਾ ਯਤਨ ਕਰੀਦਾ ਹੈ......ਜਲੰਧਰ ਰੇਡੀਓ ਤੋਂ ਬਿਨ੍ਹਾਂ ਦਿੱਲੀ, ਲਖਨਊ ਤੇ ਕਲਕੱਤਾ ਰੇਡੀਓ ਸਟੇਸ਼ਨਾਂ ਤੱਕ ਹੋ ਆਇਆ ਹਾਂ।" ਭਾਈ ਸਾਹਿਬ ਚਾਹ ਪੀਂਦੇ ਹੀ, ਗੱਲਾਂ ਦਾ ਉੱਤਰ ਦਿੰਦੇ ਰਹੇ।

ਜਦੋਂ ਭਾਈ ਸਾਹਿਬ, ਆਪਣੇ ਸੰਗੀਆਂ ਸਮੇਤ, ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕੀਰਤਨ ਕਰਨ ਬੈਠੇ ਤਾਂ ਸਾਰਾ ਮਹੱਲਾ ਹੀ ਜਿਵੇਂ ਕੀਰਤਨ ਸੁਣਨ ਲਈ ਉਮੱਡ ਪਿਆ ਹੋਵੇ। ਘਰ ਵਿੱਚ ਤਿਲ ਧਰਨ ਨੂੰ ਥਾਂ ਨਾ ਰਹੀ। ਸੰਗਤਾਂ ਵੱਲੋਂ, ਹਾਰਮੋਨੀਅਮ ਉੱਤੇ ਸ਼ਬਦ-ਭੇਟ ਦੀ ਝੜੀ ਲੱਗੀ ਹੋਈ ਸੀ।

ਮਧਰਾ ਕੱਦ, ਮੋਟੇ ਮੋਟੇ ਨੈਣ, ਪ੍ਰਭਾਵਸ਼ਾਲੀ ਚਿੱਟਾ ਦਾਹੜਾ, ਦੀਦਾਰੀ ਮੁੱਖੜਾ, ਨੀਲੇ ਦਸਤਾਰੇ ਹੇਠ ਸਫੈਦ ਕੇਸਕੀ ਬੰਨ੍ਹੀ ਜਦੋਂ ਭਾਈ ਸਾਹਿਬ ਆਪਣੇ ਸੰਗੀਆਂ ਸਮੇਤ ਆਸਾ ਜੀ ਦੀ ਵਾਰ ਦਾ ਮਧੁਰ ਕੀਰਤਨ ਕਰ ਰਹੇ ਸਨ ਤਾਂ ਲਗਦਾ ਸੀ ਜਿਵੇਂ ਸ਼ਾਂਤੀ, ਮੁਹੱਬਤ ਤੇ ਰੂਹਾਨੀਅਤ ਦਾ ਚਸ਼ਮਾ ਵਗ ਤੁਰਿਆ ਹੋਵੇ। ਲਗਭਗ ਡੇਢ ਕੁ ਘੰਟਾ ਕੀਰਤਨ ਕਰਨ ਉਪਰੰਤ ਜਦੋਂ ਭਾਈ

ਸਾਹਿਬ ਨੇ ਕੀਰਤਨ ਸਮਾਪਤ ਕੀਤਾ ਤਾਂ ਸੰਗਤਾਂ ਮੰਤਰ ਮੁਗਧ ਸਨ। ਲਗਦਾ ਸੀ ਜਿਵੇਂ ਰੂਹਾਂ ਨੂੰ ਰੱਜ ਜਿਹਾ ਆ ਗਿਆ ਹੋਵੇ !

ਕਿਹੜੇ ਕਿਹੜੇ ਰਾਗਾਂ ਵਿਚ ਕਿਹੜੀਆਂ ਕਿਹੜੀਆਂ ਧੁਨਾਂ 'ਤੇ ਸ਼ਬਦ, ਉਨ੍ਹਾਂ ਗਾਏ, ਇਹ ਜਾਨਣ ਲਈ ਸਾਡੇ ਕੱਦ ਬਹੁਤ ਛੋਟੇ ਸਨ।

ਉਹ ਆਪਣੇ ਸਾਥੀਆਂ ਸਮੇਤ ਚਲੇ ਵੀ ਗਏ ਸਨ, ਪਰ ਕੁਝ ਸਾਲਾ ਪਿੱਛੋਂ, ਜਦੋਂ ਇਸੇ ਗ੍ਰਹਿ ਵਿਚ, ਮੇਰੀ ਵੱਡੀ ਭਾਣਜੀ ਅਮਰਜੀਤ ਕੌਰ ਦੇ ਆਨੰਦ ਕਾਰਜ ਕਰਵਾਉਣ ਲਈ ਉਹ ਆਏ ਤਾਂ ਕਾਫੀ ਬਿਰਧ ਪ੍ਰਤੀਤ ਹੋ ਰਹੇ ਸਨ, ਪਰ ਆਵਾਜ਼ ਵਿਚ ਪਹਿਲਾਂ ਵਰਗੀ ਸੋਜ, ਸੋਚ ਤੇ ਮਧੁਰਤਾ ਜਿਉਂ ਦੀ ਤਿਉਂ ਸੀ। ਕੁਝ ਚਿਰ ਪਿਛੋਂ, ਅਖਬਾਰਾਂ ਵਿਚ ਪੜ੍ਹਿਆ ਕਿ ਉਹ ਮਹਾਨ ਸੰਗੀਤਕਾਰ ਜਿਸ ਦੇ ਕੀਰਤਨ ਨੂੰ, ਨਿਰਧਾਰਤ ਰਾਗਾਂ ਵਿਚ ਸੁਣਨ ਲਈ, ਦੂਜੇ ਦੇਸ਼ਾਂ ਵਾਲੇ ਵੀ ਬੇਨਤੀਆਂ ਕਰਦੇ ਸਨ, ਸਦਾ ਲਈ ਦੂਰ ਚਲੇ ਗਏ ਸਨ।

ਭਾਵੇਂ ਅੱਜ ਉਹ ਸਰੀਰਕ ਤੌਰ ਤੇ ਸਾਡੇ ਵਿਚਕਾਰ ਨਹੀਂ, ਪਰ ਉਨ੍ਹਾਂ ਦਾ ਹਰਮੋਨੀਅਮ ਕੇਂਦਰੀ ਸਿੱਖ ਅਜਾਇਬ ਘਰ, ਅੰਮ੍ਰਿਤਸਰ ਵਿਚ, ਸੰਗਤਾਂ ਦੇ ਦਰਸ਼ਨਾਂ ਲਈ ਸ਼ਸ਼ੋਭਤ ਹੈ। ਜਦੋਂ ਕਦੇ, ਉਨ੍ਹਾਂ ਵੱਲੋਂ ਗਾਇਨ ਕੀਤਾ ਕੋਈ ਸ਼ਬਦ ਰੇਡੀਓ ਤੋਂ ਪ੍ਰਸਾਰਤ ਹੁੰਦਾ ਹੈ ਤਾਂ ਕੰਨ ਖੜ੍ਹੇ ਹੋ ਜਾਂਦੇ ਹਨ। ਰੂਹ ਆਨੰਦਿਤ ਹੋ ਜਾਂਦੀ ਹੈ ਤੇ ਕੋਈ ਯਾਦ ਸਾਕਾਰ ਹੋ ਉੱਠਦੀ ਹੈ।

★

# ਸੁਰ ਸਾਧਨ

**ਸੰਤ ਸਰਵਣ ਸਿੰਘ ਡਮੇਲੀ ਵਾਲੇ**

'ਸੁਰ ਸਾਧਨ' ਇਕ ਮਹੱਤਵਪੂਰਨ ਸਾਧਨ ਹੈ। ਜੇਕਰ ਇਸ ਨੂੰ ਮਨੋਂ ਅਤੇ ਤਨੋਂ ਕੀਤਾ ਜਾਵੇ ਤਾਂ ਕੀਤੀ ਹੋਈ ਸਾਧਨਾ ਨਿਸਫ਼ਲ ਨਹੀਂ ਜਾਂਦੀ ਅਤੇ ਇਸ ਦਾ ਫਲ ਵੀ ਜ਼ਰੂਰ ਮਿਲਦਾ ਹੈ। ਇਹ ਜ਼ਰੂਰੀ ਨਹੀਂ ਕਿ ਸੁਰ ਲਈ ਹੀ ਸਾਧਨਾ ਕੀਤੀ ਜਾਵੇ ਤਾਂ ਉਸ ਦਾ ਫਲ ਮਿਲਦਾ ਹੈ। ਕੋਈ ਵੀ ਅਭਿਆਸ ਹੋਵੇ ਉਹ ਰੰਗ ਜ਼ਰੂਰ ਦਿਖਾਉਂਦਾ ਹੈ। ਜਿਵੇਂ ਕਿ ਕੁਰਬਾਨੀ ਕਦੀ ਵੀ ਵਿਅਰਥ ਨਹੀਂ ਜਾਂਦੀ, ਉਸੇ ਤਰ੍ਹਾਂ ਹਰ ਮਿਹਨਤ ਨੂੰ ਫਲ ਲਗਦਾ ਹੈ।

ਨਾਮ ਅਭਿਆਸੀ ਬੜੀਆਂ ਜੁਗਤਾਂ ਨਾਲ ਨਾਮ ਦਾ ਅਭਿਆਸ ਕਰਦੇ ਹਨ। ਵਿਉਹਾਰੀ ਲੋਕ ਆਪਣੇ ਫਰਜ਼ ਨਿਭਾਉਣ ਲਈ ਭਾਂਤ-ਭਾਂਤ ਦੇ ਕਸ਼ਟ ਉਠਾਉਂਦੇ ਹਨ। ਜ਼ਿਮੀਂਦਾਰ ਵੀ ਭਰਵੀਂ ਫਸਲ ਲੈਣ ਲਈ ਹਰ ਉਪਰਾਲਾ ਕਰਦੇ ਹਨ ਅਤੇ ਆਪਣੀ ਫ਼ਸਲ ਦੀ ਦੇਖ-ਭਾਲ ਵਿਚ ਤਨੋਂ ਮਨੋਂ ਜੁਟੇ ਰਹਿੰਦੇ ਹਨ। ਇਸ ਸਭ ਕੁਝ ਕਰ ਗੁਜ਼ਰਨ ਦੇ ਬਾਅਦ ਹੀ ਉਹ ਆਪਣੇ ਖੂਨ-ਪਸੀਨੇ ਦਾ ਮੁੱਲ ਪਾਉਂਦੇ ਹਨ। ਕਈ ਵਾਰ ਰੱਬੀ ਕਹਿਰਾਂ ਕਾਰਨ ਉਹਨਾਂ ਦੀ ਕੀਤੀ ਹੋਈ ਮਿਹਨਤ ਅਜਾਈਂ ਹੀ ਚਲੀ ਜਾਂਦੀ ਹੈ। ਇਸੇ ਤਰ੍ਹਾਂ ਦਸਤਕਾਰ ਵੀ ਆਪਣੀ ਕੀਤੀ ਹੋਈ ਮਿਹਨਤ ਤੋਂ ਹੱਥ ਧੋ ਬੈਠਦੇ ਹਨ। ਮਿਸਾਲ ਵਜੋਂ ਲੱਖਾਂ ਰੁਪਿਆ ਲਗਾ ਕੇ ਕਾਇਮ ਕੀਤੀਆਂ ਗਈਆਂ ਫਾਊਂਡਰੀਆਂ, ਵਰਕਸ਼ਾਪਾਂ, ਹੌਜ਼ਰੀ ਸਨਅਤਾਂ ਅਤੇ ਮਿੱਲਾਂ ਆਦਿ ਬਿਨ੍ਹਾਂ ਕੋਈ ਮੁਨਾਫਾ ਦਿੱਤਿਆਂ ਠੱਪ ਹੋ ਕੇ ਰਹਿ ਜਾਂਦੀਆਂ ਹਨ ਅਤੇ ਲਗਾਇਆ ਹੋਇਆ ਪੈਸਾ, ਕੀਤੀ ਹੋਈ ਮਿਹਨਤ ਅਤੇ ਕੀਤੀ ਹੋਈ ਕੁਰਬਾਨੀ ਕਿਸੇ ਕੰਮ ਨਹੀਂ ਆਉਂਦੀ। ਅਜਿਹੀ ਅਵਸਥਾ ਵਿਚ ਇਨਸਾਨ ਦੇ ਪੱਲੇ ਮਾਯੂਸੀ ਤੋਂ ਇਲਾਵਾ ਕੁਝ ਵੀ ਨਹੀਂ ਪੈਂਦਾ। ਜਿਵੇਂ ਕਬੀਰ ਜੀ ਫ਼ਰਮਾਉਂਦੇ ਹਨ :—

ਕਬੀਰ ਕਾਰਣੁ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ ॥
ਜਿਹ ਜਿਹ ਡਾਲੀ ਪਗੁ ਧਰਿਓ ਸੋਈ ਮੁਰਿ ਮੁਰਿ ਜਾਇ ॥

ਉਪਰੋਕਤ ਮਿਸਾਲਾਂ ਤੋਂ ਇਹੀ ਗੱਲ ਉੱਭਰ ਕੇ ਸਾਡੇ ਸਾਹਮਣੇ ਆਉਂਦੀ ਹੈ ਕਿ ਭਾਵੇਂ ਕੋਈ ਲਿਖਾਰੀ ਹੋਵੇ ਜਾਂ ਕਾਰੀਗਰ, ਸਿਰਕੱਢ ਵਰਕਰ ਹੋਵੇ ਜਾਂ ਜ਼ਿਮੀਂਦਾਰ ਅਤੇ ਜਾਂ ਫੇਰ ਸੁਰ ਸਾਧਨ ਵਾਲਾ ਸੰਗੀਤਕਾਰ, ਸਭਿਆਂ ਲਈ ਸਾਧਨਾ ਬੇਹੱਦ ਜ਼ਰੂਰੀ ਹੈ। ਪਰ ਇਸ ਦੇ ਨਾਲ-ਨਾਲ ਕਿਸਮਤ ਦਾ ਹੱਥ ਹੋਣਾ ਵੀ ਘੱਟ ਜ਼ਰੂਰੀ ਨਹੀਂ।

ਸੰਸਾਰ ਵਿਚ ਵਿਦਵਾਨਾਂ ਨੇ 14 ਪ੍ਰਕਾਰ ਦੀਆਂ ਵਿਦਿਆਵਾਂ ਲਿਖੀਆਂ ਹਨ। ਸਿਆਣਿਆਂ ਦਾ ਕਹਿਣਾ ਹੈ ਕਿ ਬਿਨ੍ਹਾਂ ਕੁਰਬਾਨੀ ਦੇ ਇਨਸਾਨ ਨੂੰ ਕਿਸੇ ਵੀ ਕੰਮ ਦਾ ਫ਼ਲ ਨਹੀਂ ਮਿਲਦਾ ਭਾਵੇਂ ਕਿ ਫਲ ਪ੍ਰਾਪਤ ਹੋਣ ਵਿਚ ਕਿਸਮਤ ਦਾ ਵੀ ਚੋਖਾ ਹੱਥ ਹੁੰਦਾ ਹੈ। ਜੇਕਰ ਕਿਸਮਤ ਹੀ ਮਾੜੀ ਹੋਵੇ ਤਾਂ ਸਾਰੇ ਕੀਤੇ ਕਰਾਏ ਧਰੇ ਦੇ ਧਰੇ ਰਹਿ ਜਾਂਦੇ ਹਨ। ਇੱਥੇ ਇਸ ਗੱਲ ਉੱਪਰ ਜ਼ੋਰ ਦਿੱਤਾ ਜਾ ਸਕਦਾ ਹੈ ਕਿ ਜੇਕਰ ਪੂਰਬਲੇ ਕਰਮ ਚੰਗੇ ਹੋਣ ਅਤੇ ਕਿਸੇ ਗੁਣੀ ਗਿਆਨੀ ਜਾਂ ਮਹਾਂਪੁਰਖ ਦਾ ਸਿਰ ਤੇ ਹੱਥ ਹੋਵੇ ਤਾਂ ਥੋੜ੍ਹੇ ਜਿਹੇ ਅਭਿਆਸ ਨਾਲ ਹੀ ਬਹੁਤ ਕੁਝ ਪ੍ਰਾਪਤ ਹੋ ਜਾਂਦਾ ਹੈ। ਜਿਵੇਂ ਕਿ ਗੁਰੂ ਸਾਹਿਬ ਲਿਖਦੇ ਹਨ :—

"ਧਰਾ ਪੂਰਬਲੀ ਭਾਵਨੀ, ਪ੍ਰਗਟ ਹੋਇ ਆਇ।<br>
ਜਾਂ ਪੂਰਬ ਲਿਖਤ ਲਿਖੇ ਗੁਰ ਪਾਇਆ।"

ਅਸੀਂ ਵੀ ਬਹੁਤੇਰੇ ਸੰਸਾਰਿਕ ਵਿਦਵਾਨਾਂ ਪਾਸੋਂ ਸੁਣਿਆ ਹੈ ਕਿ ਸੰਗੀਤ ਵਰਗੀ ਮਹਾਨ ਦਾਤ ਉਸੇ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੇ ਪੂਰਬਲੇ ਜਨਮ ਵਿਚ ਹੀਰੇ ਮੋਤੀ ਦਾਨ ਕੀਤੇ ਹੋਣ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਦਾ ਸਬੂਤ ਕੀ ਹੈ ?

ਹਰ ਮਨੁੱਖ ਦੀ ਇਹ ਤੀਬਰ ਇੱਛਾ ਹੁੰਦੀ ਹੈ ਕਿ ਉਹ ਇਕ ਪੂਰਨ ਗੁਰਸਿੱਖ, ਮਹਾਂਪੁਰਖ ਜਾਂ ਇਕ ਨਾਮੀ ਗੁਣੀ ਵਿਅਕਤੀ ਬਣ ਜਾਵੇ। ਉਹ ਇਸਦੀ ਉਦੇਸ਼ ਪੂਰਤੀ ਲਈ ਹਰ ਤਰ੍ਹਾਂ ਦੇ ਜਤਨ ਕਰਦਾ ਹੈ ਪਰ ਜਦ ਤਕ ਤਨੋਂ ਅਤੇ ਮਨੋਂ ਨਾਮ ਦੀ ਅਰਾਧਨਾ ਨਹੀਂ ਕੀਤੀ ਜਾਂਦੀ ਅਤੇ ਗੁਰਬਚਨਾਂ ਰਾਹੀਂ ਜੀਵਨ ਵਿਚ ਪਰਿਵਰਤਨ ਨਹੀਂ ਲਿਆਇਆ ਜਾਂਦਾ ਤਦ ਤੱਕ ਉਸ ਦੇ ਸੁਪਨੇ ਸਾਕਾਰ ਨਹੀਂ ਹੁੰਦੇ।

ਸਾਡੇ ਵਿਚਾਰ ਅਨੁਸਾਰ ਜਿੱਥੇ ਇਕ ਮਹਾਨ ਪੁਰਖ ਜਾਂ ਗੁਰਸਿੱਖ ਬਣਨਾ ਔਖਾ ਹੈ ਉੱਥੇ ਪੂਰਨ ਸੰਗੀਤਕਾਰ ਬਣਨਾ ਵੀ ਸੌਖਾ ਨਹੀਂ। ਜਿਸ ਤਰ੍ਹਾਂ ਨਾਮ ਅਭਿਆਸੀ ਲਈ ਆਪਣੀਆਂ ਇੰਦਰੀਆਂ ਨੂੰ ਵੱਸ ਵਿਚ ਕਰਨਾ ਜ਼ਰੂਰੀ ਹੈ ਉਸੇ ਪ੍ਰਕਾਰ ਸੰਗੀਤ ਦਾ ਅਭਿਆਸ ਕਰਨ ਲਈ ਇਹਨਾਂ ਨਿਯਮਾਂ ਦੀ ਪਾਲਣਾ ਕਰਨ ਦੀ ਵੀ ਬੇਹੱਦ ਲੋੜ ਹੈ। ਨਾਮ ਵੀ ਬਿਨ੍ਹਾਂ ਜਤ-ਸਤ ਦੇ ਨਹੀਂ ਜਪਿਆ ਜਾ ਸਕਦਾ ਅਤੇ ਸੁਰ ਸਾਧਨ ਵੀ ਜਤ-ਸਤ ਦੀ ਪੂਰੀ ਤਰ੍ਹਾਂ ਮੋਹਤਾਜ ਹੈ। ਇਹੀ ਗੱਲ ਪਹਿਲਵਾਨਾਂ ਉੱਪਰ ਵੀ ਢੁੱਕਦੀ ਹੈ ਅਤੇ ਬਿਨ੍ਹਾਂ ਜਤੀ-ਸਤੀ ਹੋਣ ਦੇ ਉਹ ਵੀ ਸੰਸਾਰ ਵਿਚ ਨਾਮਣਾ ਨਹੀਂ ਖੱਟ ਸਕਦੇ।

ਪਰ ਇੱਥੇ ਅਸੀਂ ਜਿਸ ਗੱਲ ਉੱਪਰ ਜ਼ੋਰ ਦੇਣਾ ਚਾਹੁੰਦੇ ਹਾਂ ਉਹ ਹੈ ਸੰਗੀਤ-ਸਾਧਨਾ ਲਈ ਲੋੜੀਂਦੀਆਂ ਜ਼ਰੂਰੀ ਹਦਾਇਤਾਂ। ਸਭ ਤੋਂ ਪਹਿਲੀ ਹਦਾਇਤ ਇਹ ਹੈ ਕਿ ਸੰਗੀਤ ਪ੍ਰੇਮੀ ਦਾ ਇਰਾਦਾ ਪੱਕਾ ਹੋਣਾ ਚਾਹੀਦਾ ਹੈ। ਇਰਾਦੇ ਦੇ ਨਾਲ ਉਸ ਵਿਚ ਉੱਦਮ ਵੀ ਕੁੱਟ-ਕੁੱਟ ਕੇ ਭਰਿਆ ਹੋਣਾ ਚਾਹੀਦਾ ਹੈ। ਉਪਰੰਤ ਇਕ ਪੂਰਨ ਗੁਰੂ ਦਾ ਹੋਣਾ ਬਹੁਤ ਜ਼ਰੂਰੀ ਹੈ। ਚੇਤੇ ਰਹੇ ਕਿ ਆਲਸੀ ਵਿਦਿਆਰਥੀ ਕਿਸੇ ਵੀ ਵਿੱਦਿਆ ਦੇ ਨਾਂ ਉੱਪਰ ਇਕ ਧੱਬਾ ਹੁੰਦਾ ਹੈ। ਜਿਵੇਂ ਕਿ

''ਸਾਰ ਉਕਤਾਵਲੀ'' ਨਾਮਕ ਗਰੰਥ ਵਿਚ ਲਿਖਿਆ ਹੈ :—

''ਦੁਖੀ, ਵਿਆਧੀ, ਆਲਸੀ, ਕੁਮੱਤ ਰਸਕਿ ਬਹੁਤ ਸੋਇ।
ਤਿਹ ਅਧਿਕਾਰ ਨਾ ਸ਼ਾਸਤਰ ਕੋ, ਖਟ ਦੇਖਨ ਜਨ ਜੋਇ।''

ਵਿਦਿਆਰਥੀ ਵਿਚ ਉਪਰੋਕਤ ਸ਼ਲੋਕ ਵਿਚ ਲਿਖੀਆਂ ਛੇ ਬੁਰਾਈਆਂ ਜਿਵੇਂ ਕਿ ਵਧੇਰੇ ਸੌਣਾ, ਜ਼ਿਆਦਾ ਖਾਣਾ ਅਤੇ ਸ਼ਰੀਰ ਦਾ ਰੋਗੀ ਹੋਣਾ ਆਦਿ ਨਹੀਂ ਹੋਣੀਆਂ ਚਾਹੀਦੀਆਂ। ਸਭ ਤੋਂ ਵੱਡੀ ਗੱਲ ਇਹ ਹੈ ਕਿ ਵਿਦਿਆਰਥੀ ਅਕ੍ਰਿਤਘਣ ਨਹੀਂ ਹੋਣਾ ਚਾਹੀਦਾ। ਗੁਰੂ ਸਾਹਿਬ ਨੇ ਤਾਂ ਧੁਰੋਂ ਆਈ ਅਕਾਸ਼ੀ ਬਾਣੀ ਵਿਚ ਅਕ੍ਰਿਤਘਣ ਲਈ ਕੋਈ ਥਾਂ ਨਹੀਂ ਰੱਖੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਨ ਤੇ ਇਸ ਬਾਰੇ ਪੂਰਾ ਗਿਆਨ ਹੋ ਜਾਂਦਾ ਹੈ।

ਵਿਦਿਆਰਥੀ ਨੂੰ ਅਪਣੇ ਗੁਰੂ ਜਾਂ ਉਸਤਾਦ ਦੀ ਹਮੇਸ਼ਾ ਇੱਜ਼ਤ ਕਰਦੇ ਰਹਿਣਾ ਚਾਹੀਦਾ ਹੈ, ਕਿਸੇ ਉਰਦੂ ਦੇ ਸ਼ਾਇਰ ਨੇ ਲਿਖਿਆ ਹੈ :—

''ਬਾ-ਇੱਦਤ, ਬਾ-ਨਸੀਤ, ਬੇ-ਇੱਜਤ, ਬੇ-ਨਸੀਬ।''

ਇਸ ਪਿੱਛੋਂ ਪ੍ਰਸ਼ਨ ਉੱਠਦਾ ਹੈ ਕਿ ਅਭਿਆਸ ਕਿਸ ਤਰ੍ਹਾਂ ਕੀਤਾ ਜਾਵੇ ?

ਸਭ ਤੋਂ ਪਹਿਲਾਂ ਅੰਮ੍ਰਿਤ ਵੇਲੇ ਉੱਠ ਕੇ, ਸਵੇਰ ਦੇ ਕੰਮਾਂ ਤੋਂ ਵਿਹਲੇ ਹੋ ਕੇ, ਘੱਟੋ ਘੱਟ ਇਕ ਘੰਟਾ ਅਤੇ ਵੱਧ ਤੋਂ ਵੱਧ ਦੋ ਘੰਟੇ ਰਿਆਜ਼ ਕਰਨਾ ਚਾਹੀਦਾ ਹੈ। ਸੁਰ ਨੂੰ ਈਸ਼ਵਰ ਸਰੂਪ ਮੰਨਣਾ ਚਾਹੀਦਾ ਹੈ ਕਿਉਂਕਿ ਸ਼ਬਦ, ਨਾਦ ਹੈ ਅਤੇ ਨਾਦ, ਸ਼ਬਦ। ਸ਼ਬਦ ਦਾ ਦੂਜਾ ਨਾਮ ਹੀ 'ਸੁਰ' ਹੈ।

ਸੁਰ ਦੇ ਪਹਿਲੇ ਟਿਕਾਅ ਨੂੰ 'ਸਾ' ਆਖਿਆ ਜਾਂਦਾ ਹੈ। ਸੁਰ ਅਭਿਆਸ ਲਈ ਤਾਨਪੂਰੇ ਨੂੰ ਸੁਰ ਕਰ ਲੈਣਾ ਚਾਹੀਦਾ ਹੈ। ਤਾਨਪੂਰੇ ਦੀਆਂ ਚਾਰ ਤਾਰਾਂ ਹੁੰਦੀਆਂ ਹਨ। ਤਿੰਨ ਤਾਰਾਂ ਸਟੀਲ ਦੀਆਂ ਅਤੇ ਇਕ ਤਾਰ ਪਿੱਤਲ ਦੀ ਹੁੰਦੀ ਹੈ।



# ਭਾਈ ਗੁਰਮੇਲ ਸਿੰਘ ਜੀ

ਇੰਦਰਜੀਤ ਸਿੰਘ ਗੋਗੋਆਣੀ

ਭਾਈ ਗੁਰਮੇਲ ਸਿੰਘ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਹਨ । ਉਨ੍ਹਾਂ ਦੀ ਰਸਭਿੰਨੀ ਆਵਾਜ਼ ਗੁਰੂ ਪ੍ਰੇਮੀਆਂ ਨੂੰ ਅਧਿਆਤਮਕ ਮੰਡਲ ਦੀਆਂ ਗਹਿਰਾਈਆਂ ਤੱਕ ਪਹੁੰਚਾਉਣ ਵਾਲੀ ਹੈ । ਉਨ੍ਹਾਂ ਦਾ ਜਨਮ 1951 ਈ: ਨੂੰ ਪਿੰਡ ਬੌਡਾ (ਫਰੀਦਕੋਟ) ਵਿਖੇ ਹੋਇਆ । ਬਚਪਨ ਤੋਂ ਇਸ ਪਾਸੇ ਲਗਾਓ ਅਤੇ ਲੰਮਾਂ ਅਭਿਆਸ ਕਰਕੇ ਭਾਈ ਸਾਹਿਬ ਦੀ ਆਵਾਜ਼ ਵਿਚ ਨਦੀ ਦੇ ਵਹਿਣ ਵਰਗੀ ਰਵਾਨਗੀ ਹੈ । ਸ਼ਬਦ ਗਾਇਨ ਦਾ ਉਨ੍ਹਾਂ ਦਾ ਇਕ ਨਿਵੇਕਲਾ ਅੰਦਾਜ਼ ਹੈ, ਇਸੇ ਲਈ ਉਨ੍ਹਾਂ ਦੀ ਇਕ ਵਖਰੀ ਪਹਿਚਾਣ ਹੈ । ਸੰਨ 1983 ਵਿਚ ਸ੍ਰੀ ਬੀ. ਡੀ. ਪਾਂਡੇ ਨੇ ਉਨ੍ਹਾਂ ਦੇ ਕੀਰਤਨ ਤੋਂ ਪ੍ਰਭਾਵਤ ਹੋ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਚਾਂਦੀ ਦਾ ਤਮਗਾ ਦੇ ਕੇ ਸਨਮਾਨਤ ਕੀਤਾ । ਪਿਛਲੇ ਦਿਨੀਂ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ । ਪੇਸ਼ ਹੈ ਉਨ੍ਹਾਂ ਨਾਲ ਇਕ ਮੁਲਾਕਾਤ :-

ਪ੍ਰਸ਼ਨ : ਭਾਈ ਸਾਹਿਬ ! ਤੁਹਾਨੂੰ ਸੰਗੀਤ ਦਾ ਸ਼ੌਕ ਕਦੋਂ ਅਤੇ ਕਿਵੇਂ ਲੱਗਾ ?

ਉਤਰ : ਬੱਸ ਜੀ, ਬਚਪਨ ਵਿਚ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਸਮੇਂ ਬਾਲ ਸਭਾ ਵਿਚ ਗਾਉਂਦੇ ਹੁੰਦੇ ਸੀ ਉਸ ਤੋਂ ਬਾਅਦ ਸੂਝ ਆਈ ਤਾਂ ਦਿਲ ਕੀਤਾ ਕਿ ਸ਼ਬਦ ਕੀਰਤਨ ਸਿੱਖੀਏ ।

ਪ੍ਰਸ਼ਨ : ਫਿਰ ਤੁਸੀਂ ਸ਼ਬਦ ਕੀਰਤਨ ਦੀ ਸਿੱਖਿਆ ਕਿੱਥੋਂ ਪ੍ਰਾਪਤ ਕੀਤੀ ?

ਉਤਰ : ਇਕ ਕਲਾ ਪਾਰਖੂ ਸੱਜਣ ਨੇ ਮੈਨੂੰ 1961 ਵਿਚ ਪ੍ਰੋ: ਪ੍ਰੀਤਮ ਸਿੰਘ ਤੂਰ ਹੋਰਾਂ ਦੇ ਲੜ ਲਾਇਆ ਜਦੋਂ ਉਹ ਸਿਧਵਾਂ ਸਕੂਲ ਵਿਚ ਸੰਗੀਤ ਟੀਚਰ ਸਨ । 1962 ਵਿੱਚ ਉਹ ਬੁਢਾ ਜੌਹੜ ਚਲੇ ਗਏ ਮੈਂ ਵੀ ਨਾਲ ਹੀ ਚਲਾ ਗਿਆ । ਕੁਝ ਸਮਾਂ ਉਹ ਸਾਬੋ ਕੀ ਤਲਵੰਡੀ ਆ ਗਏ ਮੈਂ ਵੀ ਨਾਲ ਹੀ ਰਿਹਾ । ਗੱਲ ਕੀ 1967 ਤੱਕ ਲਗਾਤਾਰ ਲਗਾਤਾਰ 6 ਸਾਲ ਮੈਂ ਉਨ੍ਹਾਂ ਪਾਸੋਂ ਸਿੱਖਿਆ ਪ੍ਰਾਪਤ ਕੀਤੀ ।

ਪ੍ਰਸ਼ਨ : ਤੁਸੀਂ ਸੁਤੰਤਰ ਤੌਰ ਤੇ ਕੀਰਤਨ ਕਰਨਾ ਕਦੋਂ ਆਰੰਭ ਕੀਤਾ ?

ਉਤਰ : ਥੋੜ੍ਹਾ ਜਿਹਾ ਸਮਾਂ ਮੈਂ ਜੀਂਦ ਵਿਖੇ ਭਾਈ ਸੰਤੋਖ ਸਿੰਘ ਹੁਰਾਂ ਨਾਲ ਸਹਾਇਕ ਦੇ ਤੌਰ ਤੇ ਸਰਵਿਸ ਕੀਤੀ। ਇਕ ਸਾਲ ਬਾਅਦ 1969 ਵਿਚ ਮੈਂ ਆਪਣਾ ਜਥਾ ਬਣਾ ਲਿਆ। ਇਸ ਤਰ੍ਹਾਂ 69 ਤੋਂ 77 ਤੱਕ ਮੈਂ ਰਾਮਸਰ ਸਾਹਿਬ, ਸੰਤੋਖਸਰ ਸਾਹਿਬ (ਅੰਮ੍ਰਿਤਸਰ) ਸਰਵਿਸ ਕੀਤੀ। ਇਸ ਸਮੇਂ ਦਰਮਿਆਨ ਅਸੀਂ ਸਿੰਘਾਪੁਰ ਵੀ ਗਏ।

ਪ੍ਰਸ਼ਨ : ਫਿਰ ਸ੍ਰੀ ਹਰਮਿੰਦਰ ਸਾਹਿਬ ਕਦੋਂ ਤੋਂ ਆਏ ?

ਉਤਰ : ਅਸੀਂ 1977 ਤੋਂ ਸ੍ਰੀ ਹਰਿਮੰਦਰ ਸਾਹਿਬ ਹੀ ਸੇਵਾ ਕਰ ਰਹੇ ਹਾਂ। ਇਸ ਸਮੇਂ ਤੱਕ ਅਸੀਂ ਕਾਫੀ ਮਿਹਨਤ ਕੀਤੀ। ਮਨ ਦੀ ਖਾਹਸ਼ ਸੀ ਕਿ ਸ਼ਬਦ ਗਾਇਨ ਦਾ ਆਪਣਾ ਇਕ ਵਖਰਾ ਅੰਦਾਜ਼ ਹੋਣਾ ਚਾਹੀਦਾ। ਮਹਾਰਾਜ ਨੇ ਸਾਨੂੰ ਬਲ ਬਖਸ਼ਿਆ ਅਸੀਂ ਪਾਕਿਸਤਾਨ ਦੇ ਕਲਾਸੀਕਲ ਗਾਇਕਾਂ ਨੂੰ ਵੀ ਸੁਣਿਆ, ਪਕੜ ਕੀਤੀ ਇਸੇ ਤਰ੍ਹਾਂ ਸਾਡੀਆਂ ਨਵੀਆਂ ਰੀਤਾਂ ਨੇ ਆਪਣੀ ਪਹਿਚਾਣ ਬਣਾਈ ਹੈ।

ਪ੍ਰਸ਼ਨ : ਤੁਹਾਨੂੰ ਰੇਡੀਓ-ਟੈਲੀਵੀਜਨ ਤੇ ਵੀ ਸੁਣਦੇ ਹਾਂ, ਕਦੋਂ ਤੋਂ ਇਥੇ ਪ੍ਰਵਾਨਤ ਹੋ ?

ਉਤਰ : ਅਸੀਂ 1981 ਤੋਂ ਰੇਡੀਓ ਤੇ ਅਤੇ 1983 ਤੋਂ ਟੀ.ਵੀ. ਤੇ ਪ੍ਰਵਾਨਤ ਹੋਏ ਹਾਂ। ਸਾਡੇ ਲਈ ਮਾਣ ਦੀ ਗੱਲ ਹੈ ਕਿ ਜਦੋਂ ਰਵਿਦਾਸ ਭਗਤ ਦਾ ਛੇ ਸੌ ਸਾਲਾ ਪ੍ਰਕਾਸ਼ ਦਿਵਸ ਮਨਾਇਆ ਤਾਂ ਆਕਾਸ਼ਵਾਣੀ ਵਾਲਿਆਂ ਨੇ ਨੈਸ਼ਨਲ ਪੱਧਰ ਤੇ ਪ੍ਰਸਾਰਨ ਲਈ ਸਾਡੇ ਤਿੰਨ ਸ਼ਬਦ ਰਿਕਾਰਡ ਕੀਤੇ, ਜੋ ਬਹੁਤ ਪਾਪੂਲਰ ਹੋਏ। ਹੁਣ ਵੀ ਸਾਨੂੰ ਪ੍ਰੋਗਰਾਮ ਲਈ ਅਕਸਰ ਬੁਲਾਉਂਦੇ ਰਹਿੰਦੇ ਹਨ।

ਪ੍ਰਸ਼ਨ : ਤੁਸੀਂ ਵਿਦੇਸ਼ਾਂ ਵਿੱਚ ਵੀ ਗਏ ਹੋ, ਕਿੰਨੇ ਦੇਸ਼ਾਂ ਵਿਚ ਗਏ ? ਕੋਈ ਖਾਸ ਗੱਲ ?

ਉਤਰ : ਅਸੀਂ ਸਿੰਘਾਪੁਰ, ਮਲੇਸ਼ੀਆ, ਬੈਂਕਾਂਕ, ਯੂ ਐਸ. ਏ. ਕਨੇਡਾ, ਇੰਗਲੈਂਡ, ਕਵੈਤ, ਹਾਂਗਕਾਂਗ ਆਦਿ ਦੇਸ਼ਾਂ ਵਿਚ ਗਏ ਹਾਂ। ਬਾਕੀ ਜਗ੍ਹਾ ਤੇ ਵੀ ਘੱਟ ਨਹੀਂ ਪਰ ਕਨੇਡਾ ਵਾਲੇ ਸਾਡਾ ਬਹੁਤ ਸਤਿਕਾਰ ਕਰਦੇ ਹਨ। ਇਥੋਂ ਤੱਕ ਅਸੀਂ ਇਕ ਸਾਲ ਬਾਅਦ ਹੁਣ ਵਾਪਸ ਆਏ ਹਾਂ ਪਰ ਟਰਾਂਟੋ ਵਾਲੇ ਸਾਨੂੰ ਅਜੇ ਵੀ ਭੇਜਣਾ ਨਹੀਂ ਸੀ ਚਾਹੁੰਦੇ ?

ਪ੍ਰਸ਼ਨ : ਤੁਹਾਡੀਆਂ ਕੈਸਟਾਂ ਵੀ ਸੁਣੀਆਂ ਹਨ, ਕਿਹੜੀ-ਕਿਹੜੀ ਕੰਪਨੀ ਨੇ ਇਹ ਰਿਲੀਜ਼ ਕੀਤੀਆਂ ?

ਉਤਰ : ਸਾਡੀਆਂ ਟੈਕਸਲਾ ਵਾਲਿਆਂ ਨੇ ਛੇ ਕੈਸਟਾਂ ਅਤੇ ਅੰਮ੍ਰਿਤਬਾਣੀ ਵਾਲਿਆਂ ਨੇ ਇਕ ਕੈਸਟ ਰਿਲੀਜ਼ ਕੀਤੀ। 1980 ਵਿਚ ਜਦੋਂ ਅਸੀਂ ਇੰਗਲੈਂਡ ਗਏ ਤਾਂ 'ਜ਼ਾਅਲਾ' ਕੰਪਨੀ ਵਾਲਿਆਂ ਨੇ ਐਲ. ਪੀ. ਤਿਆਰ ਕੀਤਾ ਜੋ ਉਥੇ ਬਹੁਤ ਮਸ਼ਹੂਰ ਹੋਇਆ। ਇਸੇ ਤਰ੍ਹਾਂ ਵੈਨਕੂਵਰ ਕਨੇਡਾ ਵਿਚ 'ਸਤਨਾਮ ਟ੍ਰਸਟ' ਵਾਲਿਆਂ ਨੇ ਸਾਡੇ ਪ੍ਰੋਗਰਾਮਾਂ ਦੀਆਂ ਤਕਰੀਬਨ ਚਾਲੀ-ਪੰਜਤਾਲੀ ਕੈਸਟਾਂ ਰਿਕਾਰਡ ਕੀਤੀਆਂ ਹਨ ਜੋ ਉਥੇ ਪ੍ਰਚਲਤ ਹਨ।

ਪ੍ਰਸ਼ਨ : ਕੀ ਤੁਸੀਂ ਇਥੇ ਕੀਰਤਨ ਸਿਖਲਾਈ ਦਾ ਵੀ ਪ੍ਰਬੰਧ ਕੀਤਾ ਹੈ ?

ਉਤਰ : ਪ੍ਰੋਗਰਾਮ ਇੰਨੇ ਜ਼ਿਆਦਾ ਹਨ ਕਿ ਟਾਇਮ ਹੀ ਨਹੀਂ ਕਿ ਸਿਖਾ ਸਕੀਏ। ਮਨ ਦੀ ਖਾਹਸ਼ ਹੈ, ਜਿਵੇਂ ਕਨੇਡਾ ਵਿਚ ਲੰਮਾ ਸਮਾਂ ਰਹਿਣ ਦਾ ਮੌਕਾ ਮਿਲਿਆ ਉਥੇ ਸਿੱਖ ਪਰਿਵਾਰਾਂ ਦੇ ਬੱਚੇ ਸਿਖਦੇ ਰਹੇ ਹਨ ਹੁਣ ਉਹ ਬੱਚੇ ਸ਼ਬਦ ਕੀਰਤਨ ਕਰ ਲੈਂਦੇ ਹਨ।

ਪ੍ਰਸ਼ਨ : ਅਜਿਹੇ ਕੀਰਤਨੀਆਂ ਦੇ ਨਾਂ ਦਸੋ ਜਿਨ੍ਹਾਂ ਤੋਂ ਤੁਸੀਂ ਵੀ ਪ੍ਰਭਾਵਤ ਹੋਏ ਹੋਵੋਗੇ ?

ਉਤਰ : ਭਾਈ ਚਤਰ ਸਿੰਘ ਜੀ ਹੋਰਾਂ ਨੂੰ ਮੈਂ ਬਹੁਤ ਪਸੰਦ ਕਰਦਾ ਸਾਂ। ਬਾਕੀ ਮੇਰੀ ਜ਼ਿੰਦਗੀ ਪ੍ਰਤੀ ਸੰਤ ਚੰਨਣ ਸਿੰਘ ਜੀ ਅਤੇ ਸੰਤ ਫਤਹਿ ਸਿੰਘ ਜੀ ਹੋਰਾਂ ਦਾ ਕਾਫੀ ਯੋਗਦਾਨ ਹੈ। ਉਨ੍ਹਾਂ ਦੀ ਪ੍ਰੇਰਨਾ ਅਤੇ ਪਿਆਰ ਨੇ ਮੈਨੂੰ ਹੋਰ ਵੀ ਉਤਸ਼ਾਹਤ ਕੀਤਾ।

ਪ੍ਰਸ਼ਨ : ਤੁਹਾਡੇ ਜਥੇ ਵਿਚ ਬਾਕੀ ਸੱਜਣ ਕਿਹੜੇ-ਕਿਹੜੇ ਹਨ ?

ਉਤਰ : ਮੇਰੇ ਨਾਲ ਸਾਈਡ ਤੇ ਭਾਈ ਗੁਰਬਚਨ ਸਿੰਘ ਅਤੇ ਜੋੜੀ ਤੇ ਭਾਈ ਕੁਲਦੀਪ ਸਿੰਘ ਹੈ। ਅਸੀਂ ਤਿੰਨੇ ਇਕੋ ਉਸਤਾਦ ਜੀ ਦੇ ਸ਼ਗਿਰਦ ਹਾਂ ਅਤੇ ਸਾਡੀ ਭਰਾਵਾਂ ਤੋਂ ਵੀ ਗੂਹੜੀ ਸਾਂਝ ਹੈ। ਅਸੀਂ 1969 ਤੋਂ ਹੀ ਇਕੱਠੇ ਹਾਂ ਅਤੇ ਇਕੱਠੇ ਹੀ ਰਹਾਂਗੇ।

ਪ੍ਰਸ਼ਨ : ਕੀਰਤਨ ਤੋਂ ਇਲਾਵਾ ਕੋਈ ਹੋਰ ਸ਼ੌਕ ?

ਉਤਰ : ਹੁਣ ਤਾਂ ਏਸੇ ਵਿਚ ਹੀ ਸਭ ਕੁਝ ਹੈ। ਵਿਹਲੇ ਸਮੇਂ ਕਲਾਸੀਕਲ ਗਾਉਣ ਵਾਲੇ ਗਾਇਕਾਂ ਨੂੰ ਸੁਣਨਾ ਅਤੇ ਸ਼ਬਦਾਂ ਦੀਆਂ ਨਵੀਆਂ ਰੀਤਾਂ ਬਣਾਉਣੀਆਂ, ਇਕੋ ਹੀ ਸ਼ੌਕ ਰੱਖਿਆ।

●

---


ਸਿੱਖ ਧਰਮ ਦੇ ਗੌਰਵਮਈ ਵਿਰਸੇ ਦੀ ਜਾਣਕਾਰੀ ਲਈ ਪੜ੍ਹੋ

**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਸਲਾਨਾ ਚੰਦਾ : ਦੇਸ਼ 25 ਰੁਪਏ ਵਿਦੇਸ਼ (ਹਵਾਈ ਡਾਕ ਰਾਹੀਂ) 250 ਰੁ.

ਜੀਵਨ ਮੈਂਬਰਸ਼ਿਪ ; ਦੇਸ਼ 250 ਰੁ: ਵਿਦੇਸ਼ ( ,, ,, ,, ) 1990

ਪਤਾ : ਗੁਰਦੁਆਰਾ ਸ਼ਹੀਦਾਂ, ਮਾਡਲ ਟਾਊਨ, ਲੁਧਿਆਣਾ

# ਰਾਗ

ਜਿਹੜੀ ਧੁਨੀ ਦੁਆਰਾ ਲੋਕਾਂ ਦਾ ਮਨ ਅਨੰਦਿਤ ਹੁੰਦਾ ਹੈ ਉਸ ਨੂੰ ਰਾਗ ਕਿਹਾ ਜਾਂਦਾ ਹੈ। ਵਿਸ਼ੇਸ਼ ਨਿਯਮਬੱਧ, ਕ੍ਰਮ-ਪ੍ਰਧਾਨ ਜਿਹੜਾ ਸੁਰ-ਪ੍ਰਬੰਧ ਲੋਕਾਂ ਨੂੰ ਸੁਣਨ ਵਿੱਚ ਅਨੰਦ ਦਿੰਦਾ ਹੈ ਉਸ ਨੂੰ ਰਾਗ ਕਹਿੰਦੇ ਹਨ। ਰਾਗ-ਸੰਗੀਤ ਭਾਰਤੀ ਸੰਗੀਤ ਦੀ ਆਪਣੀ ਨਿਜੀ ਵਸਤੂ ਹੈ, ਵਰਤਮਾਨ ਕਾਲ ਵਿੱਚ ਸੰਸਾਰ ਵਿੱਚ ਕਿਤੇ ਵੀ ਅਜਿਹਾ ਨਹੀਂ ਹੈ। ਸ਼ੁਧ ਅਤੇ ਕੋਮਲ ਸੁਰਾਂ ਦੇ ਆਰੋਹ-ਅਵਰੋਹ, ਸੁਰਾਂ ਦੀ ਵਿਸ਼ੇਸ਼ ਗਿਣਤੀ ਅਤੇ ਸੁਰਾਂ ਨੂੰ ਖਾਸ ਸਿਲਸਿਲੇ ਵਿੱਚ ਲਗਾਉਣ ਕਾਰਨ ਵੱਖ ਵੱਖ ਰਾਗਾਂ ਦੀ ਸਿਰਜਨਾ ਹੁੰਦੀ ਹੈ।

ਆਮ ਤੌਰ ਤੇ ਰਾਗਾਂ ਦੀਆਂ ਤਿੰਨ ਜਾਤੀਆਂ ਹੁੰਦੀਆਂ ਹਨ। ਅਰੋਹੀ ਅਵਰੋਹੀ ਦੇ ਸੁਰਾਂ ਦੀ ਗਿਣਤੀ ਅਨੁਸਾਰ ਨੌਂ ਜਾਤੀਆਂ ਬਣ ਜਾਂਦੀਆਂ ਹਨ। ਰਾਗ ਵਿੱਚ ਹੇਠ ਲਿਖੇ ਲੱਛਣ ਵਰਣਨ ਯੋਗ ਹਨ।

1. ਰਾਗ ਦਾ ਨਾਮ
2. ਅਰੋਹੀ ਅਤੇ ਅਵਰੋਹੀ
3. ਥਾਟ
4. ਲੈਅ : ਵਿਲੰਬਿਤ ਮੱਧ ਜਾਂ ਦ੍ਰੁਤ
5. ਪੂਰਵਾਂਗ ਜਾਂ ਉਤਰਾਂਗ
6. ਵਾਦੀ-ਸੰਵਾਦੀ
7. ਜਾਤੀ
8. ਸਮਾਂ
9. ਪਕੜ

## ਸੇਨੀਆਂ ਘਰਾਣੇ ਅਨੁਸਾਰ ਕੁਝ ਰਾਗਾਂ ਦਾ ਸਮਾਂ

ਸਵੇਰੇ 4 ਤੋਂ 5 —ਬਸੰਤ, ਪਰਜ, ਸੋਹਣੀ, ਲਲਿਤ, ਪੰਚਮ, ਭਟਿਆਰ, ਵਿਭਾਸ, ਭੰਖਾਰ ਆਦਿ।

5 ਤੋਂ 7 —ਵਿਭਾਸ, ਜੋਗੀਆ, ਕਲਿੰਗੜਾ, ਪ੍ਰਭਾਤੀ, ਰਾਮਕਲੀ, ਗੁਣਕਲੀ, ਭੈਰਵ ਆਦਿ।

7 ਤੋਂ 10 —ਹਿੰਡੋਲ, ਮਾਲਸ੍ਰੀ, ਗੌਂਡ ਸਾਰੰਗ ਆਦਿ ।

10 ਤੋਂ 11-30 —ਭੈਰਵੀ, ਅਸਾਵਰੀ, ਟੋਡੀ, ਜੌਨਪੁਰੀ, ਦੇਸੀ, ਖਟ ਆਦਿ ।

11-30 ਤੋਂ 1 ਦੁਪਹਿਰ-ਸੂਹਾ, ਦੇਸਾਖ, ਸਾਰੰਗ ਆਦਿ ।

1 ਤੋਂ 4 ਵਜੇ ਸ਼ਾਮ—ਪਟਮੰਜਰੀ, ਧਾਨੀ, ਭੀਮਪਲਾਸੀ, ਧਨਾਸਰੀ, ਪੀਲੂ, ਮੁਲਤਾਨੀ ਆਦਿ ।

4 ਤੋਂ 5-30 —ਪੂਰਬੀ, ਪੂਰੀਆ, ਧਨਾਸਰੀ, ਜੈਤਸ੍ਰੀ, ਸ੍ਰੀ, ਗਉੜੀ,

5-30 ਤੋਂ 7-00 —ਪੂਰੀਆ, ਮਾਰਵਾ, ਜੈਤਨੂ, ਮਾਲੀਗੌੜਾ ਆਦਿ ।

7-00 ਤੋਂ 10 —ਯਮਨ, ਭੂਪਾਲੀ, ਸ਼ੁਧ ਕਲਿਆਣ, ਹਮੀਰ, ਕਮੋਦ, ਛਾਇਆਨਟ, ਬਿਹਾਗ ਨਟ, ਸ਼ੰਕਰਾ, ਦੁਰਗਾ, ਮਾਂਡ, ਪਹਾੜੀ ਆਦਿ ।

10 ਤੋਂ 11-30 —ਖਮਾਜ, ਝਿੰਝੋਟੀ, ਤਿਲੰਗ, ਖੰਭਾਵਤੀ ਦੁਰਗਾ, ਰਾਗੇਸ਼ਰੀ, ਗਾਰਾ, ਸੋਰਠ ਦੇਸ, ਤਿਲਕਕਾਮੋਦ, ਜੈਜੈਵੰਤੀ ਆਦਿ ।

11-30 ਤੋਂ 1 —ਕਾਫੀ, ਸਿੰਧਵੀ, ਸਿੰਧਰਤ ਬਗੇਸ਼ਰੀ, ਬਹਾਰ, ਮੇਘ, ਮਲਾਰ ਆਦਿ ।

1 ਤੋਂ 4 ਸਵੇਰੇ —ਦਰਬਾਰੀ ਕਾਨੜਾ, ਅੜਾਨਾ, ਨਾਇਕੀ ਕਾਨੜਾ, ਮਾਲਕੌਂਸ ਆਦਿ ।

★

---


# ਇੱਕ ਨਿਵੇਕਲੀ ਕੈਸਟ

'ਗੁਰਮਤਿ ਸੰਗੀਤ' ਵਲੋਂ ਤਿਆਰ ਕੀਤੀ

**ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਦੀ ਨਵੀਂ ਕੈਸਟ**

ਪਹਿਲਾ ਸ਼ਬਦ-ਮੋਹਨੁ ਪ੍ਰਾਨ ਮਾਨ ਰੰਗੀਲਾ (ਰਾਗ ਗੂਜਰੀ)

ਦੂਜਾ ਸ਼ਬਦ-ਸਭ ਮਦ ਮਾਤੇ ਕੋਈ ਨ ਜਾਗ (ਰਾਗ ਬਸੰਤ)



# ਭਾਈ ਜੋਗਾ ਸਿੰਘ ਰਾਗੀ

ਅੰਮ੍ਰਿਤਪ ਲ ਕੌਰ ਬੰਗਾ

ਭਾਈ ਜੋਗਾ ਸਿੰਘ ਜੀ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਬੰਗਾ ਦੇ ਹਜ਼ੂਰੀ ਰਾਗੀ ਹਨ। ਉਹਨਾਂ ਦਾ ਜਨਮ 15 ਜੂਨ; 1948 ਨੂੰ ਸ. ਮਹਿੰਦਰ ਸਿੰਘ ਦੇ ਘਰ ਪਿੰਡ ਇਬਰਾਹੀਮ ਪੁਰ ਤਹਿਸੀਲ ਗੜ੍ਹ ਸੰਕਰ ਵਿਖੇ ਹੋਇਆ। ਆਪ ਦੇ ਪਿਤਾ ਜੀ ਦਾ ਮੁੱਖ ਕਿੱਤਾ ਭਾਵੇਂ ਖੇਤੀਬਾੜੀ ਸੀ ਪਰ ਉਹ ਕੀਰਤਨ ਵਿਚ ਵੀ ਵਾਹਵਾ ਰੁਚੀ ਰੱਖਦੇ ਸਨ। ਇਸ ਤਰ੍ਹਾਂ ਭਾਈ ਜੋਗਾ ਸਿੰਘ ਨੂੰ ਵੀ ਕੀਰਤਨ ਦੀ ਲਗਨ ਵਿਰਸੇ ਵਿਚ ਹੀ ਮਿਲੀ। ਭਾਈ ਜੋਗਾ ਸਿੰਘ ਬਾਲਪਨ ਤੋਂ ਹੀ ਸੰਗੀਤ ਦਾ ਸ਼ੌਕ ਰੱਖਦੇ ਸਨ। ਅੱਠ-ਨੌਂ ਕੁ ਸਾਲ ਦੀ ਉਮਰ ਵਿਚ ਹੀ ਉਹ ਵਿਸ਼ੇਸ਼ ਧਾਰਮਕ ਸਮਾਗਮਾਂ ਅਤੇ ਸਕੂਲ ਵਿਚ ਹੀ ਕਵਿਤਾਵਾਂ ਅਤੇ ਸ਼ਬਦ ਬੜੇ ਉਤਸ਼ਾਹ ਨਾਲ ਪੜ੍ਹਿਆ ਕਰਦੇ ਸਨ।

ਭਾਈ ਜੋਗਾ ਸਿੰਘ ਨੇ ਪਹਿਲਾਂ ਗੁਰਬਾਣੀ ਪਾਠ ਦੀ ਬਕਾਇਦਾ ਸਿਖਿਆ ਭਾਈ ਧਰਮ ਸਿੰਘ ਰੁੜਕੀ ਖਾਸ ਤੋਂ ਪ੍ਰਾਪਤ ਕੀਤੀ ਅਤੇ ਫਿਰ ਸ੍ਰ. ਚੰਨਣ ਸਿੰਘ 'ਮਜਬੂਰ' ਹੁਸ਼ਿਆਰਪੁਰ ਵਾਲਿਆਂ ਤੋਂ 'ਅਮਰ ਸੰਗੀਤ ਵਿਦਿਆਲਾ' ਗੜ੍ਹ ਸ਼ੰਕਰ ਵਿਖੇ ਲਗਭਗ ਪੰਦਰਾਂ ਸਾਲ ਤੱਕ ਸੰਗੀਤ ਵਿਦਿਆ ਲਈ। ਆਪ ਨੇ 1960 ਵਿਚ ਬਕਾਇਦਾ ਕੀਰਤਨ ਆਰੰਭ ਕੀਤਾ ਸੀ। ਪਹਿਲਾਂ ਆਪ ਭਾਈ ਦਰਸ਼ਨ ਸਿੰਘ 'ਸੋਹਲ' ਨਾਲ ਸਹਾਇਕ ਰਾਗੀ ਵਜੋਂ ਕੀਰਤਨ ਕਰਦੇ ਰਹੇ ਹਨ। ਕੀਰਤਨ ਦੀ ਸੇਵਾ ਦੌਰਾਨ ਆਪ ਨੇ ਭਾਰਤ ਦੇ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਅਨੇਕਾਂ ਗੁਰਦੁਆਰਿਆਂ ਦਾ ਰਟਨ-ਦਰਸ਼ਨ ਅਤੇ ਕੀਰਤਨ ਕੀਤਾ ਹੈ। ਆਪ ਨੇ ਕਈ ਸਥਾਨਕ ਗੁਰਦੁਆਰਿਆਂ ਤੇ ਸੰਸਥਾਵਾਂ— ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੜ੍ਹ ਸ਼ੰਕਰ, ਗੁਰਦੁਆਰਾ ਸਿੰਘ ਸਭਾ ਨਵਾਂ ਸ਼ਹਿਰ, ਭਾਰਤ ਨੇਤਰਹੀਣ ਸਮਾਜ ਸੇਵਕ ਹੁਸ਼ਿਆਰਪੁਰ ਤੋਂ ਇਲਾਵਾ ਸ੍ਰੀ ਪਟਨਾ ਸਾਹਿਬ, ਨਾਨਕ ਝੀਰਾ ਅਤੇ ਹਜ਼ੂਰ ਸਾਹਿਬ ਵਿਖੇ ਵੀ ਕੀਰਤਨ ਸੇਵਾ ਕੀਤੀ ਹੈ। ਇੰਗਲੈਂਡ ਵਿਚ ਆਪ ਨੇ ਲਗਭਗ ਛੇ ਮਹੀਨੇ ਗਿਆਨੀ ਹਰਬੰਸ ਸਿੰਘ 'ਤੇਗ' ਦੇ ਉਦਮ ਨਾਲ

ਕੀਰਤਨ ਕੀਤਾ । ਇੰਗਲੈਂਡ ਵਿਖੇ ਉਨ੍ਹਾਂ ਨੇ ਗੁਰਦੁਆਰਾ ਗੁਰੂ ਅਰਜਨ ਦੇਵ ਡਰਬੀ, ਗੁਰਦੁਆਰਾ ਸਮੈਥਿਕ (ਬਰਮਿੰਘਮ), ਗੁਰਦੁਆਰਾ ਵਿਲਨਹਾਲ, ਗੁਰਦੁਆਰਾ ਗਰੇਵਜ਼ੈਂਡ ਆਦਿ ਗੁਰਦਵਾਰਿਆਂ ਵਿਚ ਕੀਰਤਨ ਕੀਤਾ ਅਤੇ ਵਿਦੇਸ਼ ਵਿਚ ਸੌ ਤੋਂ ਵੀ ਵਧੀਕ ਬੱਚਿਆਂ ਨੂੰ ਕੀਰਤਨ ਸਿਖਲਾਈ ਦੀ ਨਿਸ਼ਕਾਮ ਸੇਵਾ ਕੀਤੀ।

ਭਾਈ ਜੋਗਾ ਸਿੰਘ ਜੀ ਪਿਛਲੇ ਤਕਰੀਬਨ ਸੋਲਾਂ ਸਾਲਾਂ ਤੋਂ ਸੁਤੰਤਰ ਤੌਰ ਤੇ ਆਪਣੇ ਰਾਗੀ ਜਥੇ ਨਾਲ ਕੀਰਤਨ ਕਰ ਰਹੇ ਹਨ। ਅਜ ਕਲ੍ਹ ਉਹ ਸ੍ਰੀ ਚਰਨ ਕੰਵਲ ਸਾਹਿਬ ਬੰਗਾ ਵਿਖੇ ਕੀਰਤਨ ਕਰ ਰਹੇ ਹਨ। ਉਨ੍ਹਾਂ ਦੇ ਰਾਗੀ ਜਥੇ ਦੇ ਦੂਸਰੇ ਮੈਂਬਰ ਭਾਈ ਮਨਜੀਤ ਸਿੰਘ ਅਤੇ ਭਾਈ ਪ੍ਰਕਾਸ਼ ਸਿੰਘ ਹਨ। ਉਹ ਆਪਣੇ ਕੀਰਤਨ ਵਿਚ ਹਰਮੋਨੀਅਮ ਅਤੇ ਤਬਲੇ ਤੋਂ ਇਲਾਵਾ ਤਾਨਪੁਰੇ ਦਾ ਪ੍ਰਯੋਗ ਵੀ ਕਰਦੇ ਹਨ। ਆਪ ਸੰਤ ਬਾਬਾ ਸੇਵਾ ਸਿੰਘ ਜੀ ਨੌਰਾ ਅਤੇ ਕਈ ਹੋਰ ਸੰਸਥਾਵਾਂ ਤੋਂ ਸਨਮਾਨ ਪ੍ਰਾਪਤ ਕਰ ਚੁੱਕੇ ਹਨ। ਆਪ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਅਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਨਵਾਂ ਸ਼ਹਿਰ ਤੋਂ ਸਿਰੋਪੇ ਪ੍ਰਾਪਤ ਕੀਤੇ ਹਨ। ਆਪ ਪਾਸ ਪੰਜਾਂ ਬਾਣੀਆਂ ਤੋਂ ਇਲਾਵਾ ਤਕਰੀਬਨ ਪੰਜ ਸੌ ਦੇ ਕਰੀਬ ਸ਼ਬਦਾਂ ਦਾ ਖਜ਼ਾਨਾ ਕੰਠ ਹੈ। ਉਹ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਸਾਰੇ ਰਾਗਾਂ ਅਤੇ ਤਿੰਨ ਤਾਲ ਝਪ ਤਾਲ, ਰੂਪਕ ਤਾਲ, ਇਕ ਤਾਲ, ਚਾਰ ਤਾਲ, ਆਡਾ ਚਾਰ ਤਾਲ, ਸੂਲ ਫਾਕ ਤਾਲ ਵਿਚ ਕੀਰਤਨ ਕਰ ਸਕਦੇ ਹਨ। ਉਹ ਆਸਾ ਦੀ ਵਾਰ ਅਤੇ ਬਸੰਤ ਦੀ ਵਾਰ ਦਾ ਬੜਾ ਸੁੰਦਰ ਗਾਇਨ ਕਰਦੇ ਹਨ। ਭਾਈ ਸਾਹਿਬ ਜੋਗਾ ਸਿੰਘ ਦਾ ਕਥਨ ਹੈ ਕਿ ਉਨ੍ਹਾਂ ਨੂੰ ਆਪਣੇ ਉਸਤਾਦ ਪ੍ਰਿੰਸੀਪਲ ਚੰਨਣ ਸਿੰਘ ਮਜਬੂਰ (ਹੁਸ਼ਿਆਰਪੁਰ) ਤੋਂ ਇਲਾਵਾ ਭਾਈ ਦੀਦਾਰ ਸਿੰਘ (ਨੰਗਲ), ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ (ਬੋਦਲਾਂ-ਹੁਸ਼ਿਆਰਪੁਰ), ਅਤੇ ਭਾਈ ਬਲਬੀਰ ਸਿੰਘ; ਭਾਈ ਗੁਰਮੇਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਨੇ ਵਿਸ਼ੇਸ਼ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਗੁਰਬਾਣੀ ਕੀਰਤਨ ਲਈ ਸੰਗੀਤ ਦਾ ਪੂਰਨ ਗਿਆਨ ਹੋਣਾ ਚਾਹੀਦਾ ਹੈ ਅਤੇ ਕੀਰਤਨ ਰਾਗਾਂ ਵਿਚ ਹੋਣਾ ਚਾਹੀਦਾ ਹੈ।

★


## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 1000 ਰੁਪਏ |
| ਕਵਰ ਦਾ ਅੰਦਰਲਾ ਦੂਜਾ ਜਾਂ ਤੀਜਾ ਪੰਨਾ | 800 ਰੁਪਏ |
| ਸਧਾਰਨ ਪੂਰਾ ਪੰਨਾ | 500 ਰੁਪਏ |
| ਸਧਾਰਨ ਅੱਧਾ ਪੰਨਾ | 250 ਰੁਪਏ |
| ਸਧਾਰਨ ਚੌਥਾਈ ਪੰਨਾ | 125 ਰੁਪਏ |

# ਗੁਰਮਤਿ ਸੰਗੀਤ ਅਕੈਡਮੀ

**ਹਰਮਿੰਦਰ ਸਿੰਘ**

ਕੀਰਤਨ ਵਿੱਚ ਸੰਗੀਤ ਦੀ ਉਤਨੀ ਹੀ ਮਹੱਤਤਾ ਹੈ, ਜਿੰਨੀ ਕਿ ਮਨੁੱਖ ਲਈ ਹਵਾ ਦੀ। ਜਿਵੇਂ ਹਵਾ ਤੋਂ ਬਿਨ੍ਹਾਂ ਮਨੁੱਖ ਦਾ ਜ਼ਿੰਦਾ ਰਹਿਣਾ ਅਸੰਭਵ ਹੈ, ਉਵੇਂ ਹੀ ਕੀਰਤਨ ਲਈ ਸੰਗੀਤ ਬਹੁਤ ਮਹੱਤਤਾ ਰੱਖਦਾ ਹੈ। ਭਾਵੇਂ ਅੱਜ ਕੱਲ੍ਹ ਕੀਰਤਨ ਲਈ ਸੰਗੀਤ ਦੀ ਲੋੜ ਨੂੰ ਕੇਵਲ ਰਾਗੀ ਸਿੰਘਾਂ ਦੀ ਜ਼ਰੂਰਤ ਤੱਕ ਹੀ ਸੀਮਿਤ ਸਮਝਿਆ ਜਾਂਦਾ ਹੈ, ਪਰੰਤੂ ਇਤਿਹਾਸ ਗਵਾਹ ਹੈ ਕਿ ਜਦੋਂ ਸੱਤੇ ਤੇ ਬਲਵੰਤੇ ਨੇ ਗੁਰੂ ਘਰ ਵਿਚ ਆ ਕੇ ਕੀਰਤਨ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਹਰੇਕ ਸਿੱਖ ਨੇ ਸੰਗੀਤ ਵਿਦਿਆ ਦੇ ਗਿਆਨ ਦੀ ਲੋੜ ਨੂੰ ਮਹਿਸੂਸ ਕੀਤਾ।

ਸੰਗੀਤ ਦੀ ਸਿੱਖ ਧਰਮ ਵਿਚ ਮਹੱਤਤਾ ਨੂੰ ਮਹਿਸੂਸ ਕਰਦਿਆਂ ਹੀ ਲੁਧਿਆਣੇ ਵਿਚ ਭਾਈ ਸਮੁੰਦ ਸਿੰਘ ਜੀ ਦੇ ਨਾਮ ਹੇਠ ਗੁਰਮਤਿ ਅਕੈਡਮੀ 1979 ਤੋਂ ਚਾਲੂ ਕੀਤੀ ਜਾ ਚੁੱਕੀ ਹੈ। ਜਿਸ ਵਿੱਚ ਹੁਣ ਤੱਕ ਤਕਰੀਬਨ ਦੋ ਸੌ ਕੀਰਤਨ ਪ੍ਰੇਮੀਆਂ ਨੂੰ ਹਰਮੋਨੀਅਮ, ਤਬਲਾ, ਸਿਤਾਰ ਆਦਿ ਦੀ ਯੋਗ ਸਿਖਲਾਈ ਦੇ ਕੇ ਗੁਰੂ ਜਸ ਗਾਉਣ ਦੇ ਯੋਗ ਬਨਾਉਣ ਲਈ ਯਤਨ ਕੀਤਾ ਜਾ ਚੁੱਕਾ ਹੈ। ਭਾਵੇਂ 1988 ਤੋਂ ਇਸੇ ਅਕੈਡਮੀ ਦਾ ਨਾਮ ਬਦਲ ਕੇ ਗਿਆਨੀ ਇੰਦਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਰੱਖਿਆ ਗਿਆ ਹੈ ਪਰੰਤੂ ਸੰਗੀਤ ਵਿਦਿਆ ਦੀ ਸਿਖਲਾਈ ਦਾ ਕਾਰਜ ਪਹਿਲਾਂ ਨਾਲੋਂ ਵੀ ਵਧੇਰੀ ਮਿਹਨਤ ਨਾਲ ਜਾਰੀ ਰੱਖਿਆ ਗਿਆ ਹੈ। ਗਿਆਨੀ ਇੰਦਰ ਸਿੰਘ ਜੀ ਖੁਦ ਹੀ ਭਾਈ ਸਮੁੰਦ ਸਿੰਘ ਸੰਗੀਤ ਅਕੈਡਮੀ ਦੇ ਮੰਤ੍ਰੀ ਸਨ, ਪਰੰਤੂ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਦ ਅਕੈਡਮੀ ਦਾ ਨਾਂ ਉਨ੍ਹਾਂ ਦੇ ਨਾਮ ਉਪਰ ਹੀ ਬਦਲ ਕੇ ਰੱਖ ਦਿੱਤਾ ਗਿਆ ਹੈ ਤਾਂ ਕਿ ਗਿਆਨੀ ਇੰਦਰ ਸਿੰਘ ਜੀ ਦੀ ਸੇਵਾ ਨੂੰ ਯਾਦ ਰੱਖਿਆ ਜਾ ਸਕੇ।

ਗਿਆਨੀ ਇੰਦਰ ਸਿੰਘ ਸੰਗੀਤ ਅਕੈਡਮੀ ਦਾ ਮੁੱਢਲਾ ਉਦੇਸ਼ ਸਿੱਖ ਸੰਗਤਾਂ ਵਿੱਚ ਕੀਰਤਨ ਕਰਨ ਲਈ ਹਰਮੋਨੀਅਮ, ਤਬਲੇ ਆਦਿ ਦੀ ਸਿੱਖਿਆ ਦੇਣਾ ਹੈ। ਅਕੈਡਮੀ 1988 ਤੋਂ 30 ਵਿਦਿਆਰਥੀਆਂ ਨੂੰ ਬੀ. ਏ. ਤੱਕ ਦਾ ਦਾਖਲਾ ਦੁਆ ਕੇ ਇਮਤਿਹਾਨ ਵਿਚ ਬੈਠਣ ਦੇ ਯੋਗ ਬਣਾ ਚੁੱਕੀ ਹੈ।

ਅਕੈਡਮੀ ਦੇ ਪ੍ਰਬੰਧਕਾਂ ਵੱਲੋਂ ਖਾਸ ਕਰਕੇ ਉਨ੍ਹਾਂ ਸੱਜਣਾ ਪਾਸ ਬੇਨਤੀ ਹੈ ਕਿ ਜੋ ਕੀਰਤਨ ਲਈ ਹਰਮੋਨੀਅਮ, ਤਬਲਾ ਜਾਂ ਸਿਤਾਰ ਆਦਿ ਦੀ ਸਿੱਖਿਆ ਪ੍ਰਾਪਤ ਕਰਨੀ ਚਾਹੁੰਦੇ ਹੋਣ ਜਾਂ ਉਹ ਵਿਦਿਆਰਥੀ ਜੋ ਐਮ. ਏ. ਤੱਕ ਦੇ ਇਮਤਿਹਾਨ ਵਿੱਚ ਬੈਠਣ ਦੇ ਚਾਹਵਾਨ ਹੋਣ ਹੇਠ ਲਿਖੇ ਪਤੇ ਤੇ ਸੰਪਰਕ ਕਰ ਸਕਦੇ ਹਨ ਜਾਂ ਚਿੱਠੀ ਪੱਤਰ ਲਿਖ ਕੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਤਾਂ ਜੋ ਸੰਗੀਤ ਸਿੱਖਿਆ ਪ੍ਰਾਪਤ ਕਰਕੇ ਦੁਨੀਆਂ ਵਿਚ ਕੀਰਤਨ ਰੂਪੀ ਇਲਾਹੀ ਦਾਤ ਨੂੰ ਹਰੇਕ ਜੀਵ ਤੱਕ ਪਹੁੰਚਾਇਆ ਜਾ ਸਕੇ ।

ਗਿਆਨੀ ਇੰਦਰ ਸਿੰਘ
ਗੁਰਮਤਿ ਸੰਗੀਤ ਅਕੈਡਮੀ
5/11 ਬਰਾਊਨ ਰੋਡ, ਨੇੜੇ ਅਕਾਸ਼ ਬੇਕਰੀ, ਲੁਧਿਆਣਾ

# ਰਾਗ ਭੈਰਵ

ਸ੍ਰ. ਹਰਿਭਜਨ ਸਿੰਘ ਚੋਪੜਾ

ਇਹ ਭੈਰਵ ਥਾਟ ਦਾ ਮੁੱਖ ਰਾਗ ਹੈ । ਇਸ ਵਿਚ ਰੇ ਅਤੇ ਧਾ ਸੁਰ ਕੋਮਲ ਲਗਦੇ ਹਨ । ਬਾਕੀ ਸਾਰੇ ਸੁਰ ਸ਼ੁੱਧ ਲਾਏ ਜਾਂਦੇ ਹਨ । ਇਸ ਦਾ ਵਾਦੀ ਸੁਰ 'ਧਾ' ਅਤੇ ਸੰਵਾਦੀ ਸੁਰ 'ਰੇ' ਹੈ । ਇਸ ਦੀ ਜਾਤੀ ਸੰਪੂਰਨ-ਸੰਪੂਰਨ ਹੈ । ਗਾਉਣ ਦਾ ਸਮਾਂ ਸਵੇਰ ਦਾ ਹੈ ।

**ਆਰੋਹੀ** :— ਸ ਰੁ ਗ ਮ, ਪਾ ਧੁ ਨੀ ਸਾਂ

**ਅਵਰੋਹੀ** :— ਸਾਂ ਨੀ ਧੁ, ਪ ਮ ਗ, ਰੁ ਸਾ

**ਪਕੜ** :— ਸਾ, ਗ, ਮ, ਪ, ਧੁ, ਪ

# ਰਾਗ ਭੈਰਵ ਝਪ ਤਾਲ

ਸਥਾਈ

| X | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਧੁ | — | ਪ | — | ਧੁ | ਮ | ਪ | ਗ | — | ਸ |
| ਉ | s | ਠ | s | ਤ | ਸੁ | ਖੀ | ਆ | s | s |
| ਗ | ਰੁ | ਗ | — | ਮ | ਗ | ਰੁ | ਸਾ | — | — |
| ਬੈ | s | ਠ | s | ਤ | ਸੁ | ਖੀ | ਆ | s | s |
| ਸ | — | ਮ | ਗ | ਮ | ਪ | — | ਪ | — | ਧੁ |
| ਭ | ਉ | ਨ | ਹੀ | s | ਲਾ | s | ਗੈ | s | ਜਾਂ |
| ਸਂ | ਨ | ਧੁ | ਪ | ਧੁ | ਮ | ਪ | ਗ | — | ਮ |
| ਐ | s | ਸੇ | s | s | ਬੁ | ਝੀ | ਆ | s | s |

ਅੰਤਰਾ

| | | | | | | | | | |
|---|---|---|---|---|---|---|---|---|---|
| ਮ | — | ਧੁ | — | ਨ | ਸਂ | — | ਸਂ | — | ਸਂ |
| ਰਾ | s | ਖਾ | s | s | ਏ | s | ਕ | s | ਹ |
| ਨ | — | ਸਂ | — | ਰਂ | ਸਂ | ਨ | ਧੁ | — | ਪ |
| ਮਾ | s | ਰਾ | s | s | ਸੁਆ | s | ਮੀ | s | s |
| ਧੁ | ਧੁ | ਪ | — | ਧੁ | ਮ | ਪ | ਗ | — | ਸ |
| ਸ | ਗ | ਲ | s | ਘ | ਟਾ | s | ਕਾ | s | s |
| ਗ | ਰੁ | ਗ | — | ਸ | ਗ | ਰੁ | ਸ | — | — |
| ਅੰ | s | ਤ | s | ਰ | ਜਾ | s | ਮੀ | s | s |

ਨੋਟ :—ਬਾਕੀ ਅੰਤਰੇ ਇਸੇ ਤਰ੍ਹਾਂ ਗਾਏ ਜਾਣ । ਪੂਰਾ ਸ਼ਬਦ ਪੰਨਾ 27 ਤੇ ਹੈ ।

# ਰਾਗ ਗੂਜਰੀ

ਪ੍ਰੋ. ਪਰਮਜੋਤ ਸਿੰਘ

ਇਹ ਰਾਗ ਵੀ ਮਾਝ ਵਾਂਗ ਅਪਰਚਲਿਤ ਰਾਗ ਹੈ। ਇਹ ਟੋਡੀ ਥਾਟ ਦਾ ਰਾਗ ਹੈ ਇਸ ਵਿਚ ਰੇ ਗਾ ਧਾ ਕੋਮਲ ਤੇ ਮਾ ਸੁਰ ਤੀਬਰ ਹੈ ਵਾਦੀ ਰੇ ਅਤੇ ਸੰਵਾਦੀ ਪਾ ਹੈ। ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਇਸ ਰਾਗ ਦਾ ਸਰੂਪ ਟੋਡੀ ਰਾਗ ਨਾਲ ਮਿਲਦਾ ਜੁਲਦਾ ਹੈ। ਕਈ ਗੁਣੀ ਜਨ ਸਿਰਫ ਪਾ ਸੁਰ ਨੂੰ ਗੂਜਰੀ ਵਿਚ ਵਰਜਿਤ ਕਰਕੇ ਟੋਡੀ ਤੋਂ ਅਲਗ ਕਰਦੇ ਹਨ ਪਰ ਸੰਗੀਤ ਸਾਰ ਜੋ ਪੁਰਾਤਨ ਗ੍ਰੰਥ ਹੈ ਉਸ ਵਿਚ ਪਾ ਦਾ ਪ੍ਰਯੋਗ ਮਿਲਦਾ ਹੈ ਕਈ ਪੁਰਾਤਨ ਬੰਦਿਸ਼ਾਂ ਵਿਚ ਪਾ ਸੁਰ ਨੂੰ ਗੂਜਰੀ ਵਿਚ ਨਹੀਂ ਲਗਾਇਆ ਗਿਆ। ਟੋਡੀ ਦਾ ਪ੍ਰਯੋਗ ਪੂਰਵਾਂਗ ਹੈ ਪਰ ਗੂਜਰੀ ਦੀ ਬੰਦਿਸ਼ ਜੋ ਰੂਪਮਾਨ ਕੀਤੀ ਗਈ ਹੈ ਉਸ ਦਾ ਚਲਨ ਉਤਰਾਂਗ ਪ੍ਰਧਾਨ ਹੈ। ਕਈ ਗੁਣੀ ਜਨ ਇਸ ਦਾ ਸੰਵਾਦੀ ਧਾ ਨੂੰ ਵੀ ਮੰਨਦੇ ਹਨ

**ਆਰੋਹ** :—ਸ ਗ ਮ ਧੁ ਨੀ ਸਂ **ਅਵਰੋਹ** :—ਸਂ ਨੀ ਧੁ ਪ ਮ ਗ

# ਰਾਗ ਗੂਜਰੀ ਤਿੰਨ ਤਾਲ

ਸਥਾਈ

| | | | |
|---|---|---|---|
| ਮੇ ਪ ਗੁ ਮੇ | ਧੁ' — — ਮੇ' | ਮੇ' ਧ ਮੇਧਾ ਨੀਮੇ' | ਨੀ ਪ' |
| ਕੁ ਰ ਤੁ ਝ | ਬਿ s s ਨ਼ | ਆ s ਹਿs ਨs | ਮੋਂ |
| ਤ | + | 2 | O |
| ਮੇ ਪਾ ਗੁ ਮੇ | ਧੁ' — ਧੁ ਮੇ | ਗੁ' ਰੇ ਗਾ ਰੇ | ਰਾ — — — |
| ਕੁ ਰ ਤੁ ਝ | ਬਿ s ਨੁ ਅ | s ਹਿ ਨ ਮੋ | ਗ s s s |
| ਨ਼ੀ ਨ਼ੀ ਨ਼ੀ ਨ਼ੀ | + | ਗੁ ਗ ਰੇ ਗਾ | O |
| ਮੋ s ਹਿ ਅ | ਸਾ ਸਾ ਸਾ ਸਾ | ਗੁ ਨ ਨਾ s | ਰੇ — ਸਾ — |
| ਰੇ ਗਾ ਮਾ ਧਾ | ਨਾ ਬ ਨਿ ਰ | ਮੇਧਾ ਨੀਸਾਂ ਨੀ ਧਾ | ਹੀ s ਮੈ s |
| ਆ s s s | ਨੀ ਸਾਂ ਸਾਂ ਸਾਂ | ਤੁs ਅs ਰ s | ਪ — ਪ ਪ |
| ਭ | s s ਹਿ ਓ | 2 | ਧੇ s ਰਾ ਠਾ |
| **ਅੰਤਰਾ** | + | | O |
| ਅ — ਧਾ ਮਾ | ਗ ਮਾ ਧ ਧ | ਸਾਂ ਸਾਂ ਸਾਂ ਸਾਂ | ਸਾਂ ਸਾਂ ਸਾਂ ਸਾਂ |
| ਅ s ਤ ਪਿ | ਤਾ s ਭਾ s | ਈ s ਸੁ ਤ | ਬੰ s ਤ ਪ |
| ਨੀ ਸਾਂ ਗੀਂ ਗੀਂ | ਰੇਂ ਰੇਂ ਸਾਂ — | ਨੀ — ਧ — | ਮੇਧਾ ਨੀਸਾਂ ਨੀਸਾਂ ਪ |
| ਤਿ ਨ ਕਾ s | ਬ ਲੁ ਹੈ s | ਥੋ s s s | ਰਾ s ss ss s |

ਨੋਟ :— ਬਾਕੀ ਅੰਤਰੇ ਇਸੇ ਨੋਟੇਸ਼ਨ ਅਨੁਸਾਰ ਗਾਏ ਜਾਣ। ਪੂਰਾ ਸ਼ਬਦ ਪੰਨਾ 27 ਤੇ ਹੈ।

## ਭੈਰਉ ਮਹਲਾ ਪੰਜਵਾਂ

ਊਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥1॥

ਰਾਖਾ ਏਕ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥1॥ ਰਹਾਉ ॥

ਸੋਇ ਅਚਿੰਤਾ ਜਾਗਿ ਅਚਿੰਤਾ ॥ ਜਗ ਕਹਾਂ ਪ੍ਰਭੁ ਤੂੰ ਵਰਤੰਤਾ ॥2॥

ਘਰਿ ਸੁਖਿ ਵਸਿਆ, ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥3॥

ਪੰਨਾ 1136

## ਗੂਜਰੀ ਮਹਲਾ ਪੰਜਵਾਂ

ਮਾਤ ਪਿਤਾ ਭਾਈ ਸੁਤ ਬੰਧਪ ਤਿਨ ਕਾ ਬਲੁ ਹੈ ਥੋਰਾ ॥

ਅਨਿਕ ਰੰਗ ਮਾਇਆ ਕੇ ਪੇਖੇ ਕਿਛੁ ਸਾਥਿ ਨ ਚਾਲੈ ਭੋਰਾ ॥2॥

**ਠਾਕੁਰ ਤੁਝ ਬਿਨੁ ਆਹਿ ਨ ਮੋਰਾ ॥**

**ਮੋਹਿ ਅਨਾਥ ਨਿਰਗੁਨ ਗੁਣ ਨਾਹੀ ਮੈ ਆਹਿਓ ਤੁਮਰਾ ਧੋਰਾ ॥**

ਬਲਿ ਬਲਿ ਬਲਿ ਬਲਿ ਤੁਮਾਰੇ ਈਹਾ ਊਹਾ ਤੁਮਾਰਾ ਜੋਰਾ ॥

ਸਾਧ ਸੰਗਿ ਨਾਨਕ ਦਰਸੁ ਪਾਇਓ ਬਿਨਸਿਓ ਸਗਲ ਨਿਹੋਰਾ

ਪੰਨਾ 499

# पंजाब के संगीत घराने

डा. डी. एस. नरूला

(गत्तांक से आगे)

इस घराने के प्रसिद्ध कलाकार "मियां कालू खाँ, मियां दिते खाँ, मियां अलि वक्श, फतेह अली, अख्तर हुसैन, अमानत अली, फतह अली, मियां जान खाँ, अहमद जान खाँ, उस्ताद बाकर हुसैन, हकीम चानण राम (चरन पिया) इस घराने के उस्ताद फतह अली खां की प्रशंसा में लिखा है" ठीक ही है, करनैल करनैल ही था। अपनी ज़िंदगी में जहां जहां वह ख्याल गायकी के फूल पौधे बो गया, वहीं पर वह ठुमक ठुमक गाई जाने वाली पंजाबी अंग की ठुमरी का दौर भी बांध गया। (44)

परन्तु डा. सुशील कुमार चौबे अपनी पुस्तक में संगीत के घरानों की चर्चा में लिखते हैं कि "मियां कालू से लेकर अली बख्श और फतेह अली के प्रमुख शिष्यों तक हम पटियाला घराने के क्षेत्र को मानते हैं (पृ. 149) चौथी पंक्ति।

"परन्तु हम बड़े गुलाम अली खाँ की गायकी को प्रामाणिक पटियाला गायकी नहीं मान सकते। यह उनकी अपनी गायकी थी जो उनकी सुरीली तानों पर और उनकी असीम भावुकता पर आधारित थी।" (पृ 149, आठवीं पंक्ति)

"परन्तु जो गायकी बड़े गुलाम अली खाँ गाते थे। वह पटियाला की प्रामाणिक गायकी नहीं थी। या तो उनको उसकी शिक्षा नहीं मिली अथवा उनको उसका ज्ञान और अभ्यास नहीं था।" (पृ 149, बारवीं पंक्ति)

परंतु जहां तक बड़े गुलाम अली खाँ की अपनी गायकी का संबंध था उसमें इस पटियाला गायकी का बहुत कम आभास था।

"सच पूछा जाए तो अली बख्श और फतेह अली खाँ की गायकी का अब लोप हो गया है और उसके चिन्ह भी अब कहीं दिखाई नहीं देते" (पृ. 150 सातवी और दसवीं पंक्ति)

"जब टकसाल नहीं रहती तो खोटे (जाली) सिक्के बनाये जाते हैं और वे भी चलने लग जाते हैं।" (पृ. 150-पंक्ति बीसवीं)

आधुनिक काल में उस्ताद मुनव्वर अली खाँ (बड़े गुलामअली खाँ के पुत्र) पटि-

याला घराने का प्रतिनिधित्व करते रहे हैं परन्तु वे केवल अपने पिता की गायकी का ही अनुकरण करते प्रतीत होते थे।

पटियाला घराने की विशेषताएं :

1) कंठमाधुर्य एवं कण्ठसूक्ष्मता।

2) संक्षेप और कलापूर्ण बंदिशें।

3) लयप्रधान तानों में तैयारी।

4) ध्रुपद की तालीम के बाद ख्याल एवं ठुमरी की शिक्षा।

5) पंजाबी अंग की ठुमरी का विकास।

6) भाव प्रधान एवं कलात्मक तत्वों (चमत्कार पक्ष) की गायकी।

7) गायन के इलावा वाद्यसंगीत में रुचि।

8) शास्त्रीय संगीत के इलावा सरल संगीत (गीत-ग़ज़ल) में भी प्रवीणता।

सहारनपुर घराना :

इस घराने के मार्गदर्शक बहरामखाँ माने जाते हैं और उनकी ध्रुपद शैली ही इस घराने की गायकी का स्रोत मानी जाती है। परन्तु यदि हम इस घराने को सहारनपुर का घराना भी माने तो यह एक तरह से ठीक है। सामूहिक रूप से सहारनपुर अच्छे अच्छे नामी संगीतकारों से सम्बन्धित रहा है और उसकी संगीत परंपरा का बहुत मान था। जिला सहारनपुर का संगीत से घनिष्ठ संबंध रहा है। इसलिए हम वहां के संगीतज्ञों को सहारनपुर घराने के अन्तर्गत मान सकते हैं। (45)

"सुविधा के लिए इस घराने को सहारनपुर का घराना" कह कर भी पुकार सकते हैं। परन्तु हिन्दुस्तान के गायक वादक इसे "बहराम खाँ का घराना" ही मानते हैं। (46)

इसे बहराम खाँ का घराना कहने में क्या तुक है? जब कि सभी घरानों के नाम नगरों अथवा गावों के नाम पर है। फिर सहारनपुर घराना कहने में क्या असुविधा हो सकती है? यह प्रश्न विचारणीय है। "बहराम खाँ का जन्म जिला सहारनपुर के गांव अंबेठा में 1800 के लगभग हुआ। स्पष्ट है कि वह पंजाबी संगीतकार थे। वह जयपुर नरेश के दरबार में रहे। महाराजा रणजीत सिंह द्वारा सम्मानित भी हुए। प्रसिद्ध बीनकार बंदेअली खाँ भी सहारनपुर घराने में से थे। उस्ताद बहराम खाँ के

प्रसिद्ध शिष्यों में से कुछ के नाम ये थे। भारत विख्यात गोकी बाई (जिसने पटियाला के अली बक्श और फतेह अली खाँ को संगीत शिक्षा दी थी।), फरीद खाँ पंजाबी, मौला बख्श सांकडे वाले और पटियाला के मियां कालू। अपने घराने में इन्होंने अपने सपुत्र अकबर खाँ और सद्दू खाँ को और अपने भाई हैदर खाँ के पोते जाकिरोदीन खाँ और अल्ला बंदे खाँ को भी संगीत शिक्षा दी। इन सब नामों को पढ़कर हम समझ सकते हैं कि बहराम खाँ किस विलक्षण प्रतिभा के संगीतज्ञ और संगीत के विद्वान थे। इनके वंशज का आज भी नाम है और इनकी शिष्य परंपरा को बहुत मान सम्मान मिला है। (47)

सहारनपुर घराने की विशेषताएं

1) ध्रुपद और ख्याल में प्रवीणता।
2) गायकी के साथ वादन की तरफ भी रुचि।
3) संगीत शास्त्र की पर्याप्त जानकारी।
4) लयकारी में निपुणता।
5) ध्रुपद अंग की बंदिशें।
6) गमक तानों एवं सपाट तानों में विशेष तैयारी।

पंजाबी तबला वादकों के घराने

मृदंग/पखावज के बोलों को तबले पर खुले और बंद हाथों से बजाने की शैली से पंजाबी बाज का जन्म हुआ। इस बाज को पंजाबी तबला वादकों ने प्रचलित किया, इसलिए इसे पंजाबी बाज कहते हैं। पंजाबी बाज के प्रमुख तीन घराने माने जाते हैं।

नाई घराना :

इस घराने का आदि काल महाराजा रणजीत सिंह के राज्य से माना जाता है। महाराज ने एक नाई जाति के लड़के गज्जा सिंह को प्रसिद्ध पखावजियों से तालीम दिलाई थी। यहीं से इस घराने का नाम नाई घराना प्रचलित हुआ।" (47)

"महाराजा के पशचात भाई गज्जा सिंह, दरबार साहिब अमृतसर में भी तबला वादक रहा। इसके पुत्र भाई भूप सिंह और गुरदित सिंह ने भी उनीसवीं शताब्दी में प्रसिद्धता प्राप्त की : बाद में भूप सिंह ने भारत प्रसिद्ध पखावजी कुदऊ सिंह से भी तालीम ली। भूप सिंह का जीवनकाल 1829 ई. से 1909 तक माना गया है। इस घराने के प्रसिद्ध कलाकारों के नाम इस प्रकार है। भाई हरनाम सिंह, (प्रथम), भाई

हरनाम सिंह (द्वितीय), भाई गोपाल सिंह, भाई रणजीत सिंह, भाई अर्जुन सिंह तरंगड़, भाई मेहताब सिंह, भाई संतु, भाई रिखी सिंह। (49)

2. लाहौर घराना

"अनेकों विद्वानों का विचार है कि पंजाबी घरानों का मूल आदि कर्ता लाहौर का फकीर बख्श था। फकीर बख्श लाहौर का रहने वाला था। यहीं से इस घराने का नाम लाहौर घराना पड़ा। लाहौर में ही इनके पुत्र कादिर बख्श ने इनसे तालीम ली। और पखावज घराने को आगे बढ़ाया। उस्ताद कादिर बख्श का जन्म 1902 को लाहौर में हुआ। हिंद पाक विभाजन के पश्चात् आप पाकिस्तान में रहने लगे। भारत में उस्ताद कादिर बख्श के अनेकों शिष्य हैं जैसे—उस्ताद अल्ला रखा, उस्ताद दास मल, भाई नसीरा, अल्ला दिता खाँ, शौकत हुसैन, भाई रखा, भाई फेरू इत्यादि (50)

"उस्ताद करम अलाई, उस्ताद मलखाँ, फिरोज खाँ और बलदेव सहाय इस घराने के आरंभिक उस्तादों में से थे। ये सभी उस्ताद फकीर बख्श के शिष्य थे। उस्ताद कादिर बख्श का देहान्त 1961 ई. को लाहौर में हुआ। भाई नसीरा का देहान्त 1963 को पाकिस्तान में हुआ। उस्ताद दास मल (अमृतसर वाले) जिन्होंने उस्ताद कादिर बख्श के बाद भाई रखा (रखामल) जी से भी तालीम ली। वे आज कल गंधर्व महाविद्यालय दिल्ली में कार्य करते हैं। इनके पंजाबी शिष्य श्री भीमसेन शर्मा (फरीदकोट) श्रीनिवास तथा महिंगा सिंह अमृतसर में रहते हैं। (21)

3 कसूर घराना

इस घराने की नींव कसूर नगर (लाहौर के नजदीक) के उस्ताद फतह इल ने रखी। इन्होंने दिल्ली के प्रसिद्ध उस्तादों से तबले की शिक्षा प्राप्त की और उसके पश्चात् पंजाब वापिस आए। करम इलाही (कसूरिया) मीर बख्श (पंजाबी) और फकीर बख्श (पिशौरिया) इनके प्रसिद्ध शिष्य थे। इसी प्रकार मीरबख्श के प्रसिद्ध शिष्यों में भाई बहादर सिंह और उस्ताद करीम बख्श का नाम प्रसिद्ध है। भाई बहादर सिंह का जन्म 1903 ई. को लायलपुर जिले के गांव किशनगढ़ में हुआ। 1967 में इनका देहांत हो गया। इनके प्रसिद्ध शिष्यों में भाई कृपाल सिंह (पटियाला), नरेन्द्र सिंह (चण्डीगढ़), त्रिलोचन सिंह (दिल्ली), पंडित रमाकान्त और मोहन सिंह (जालंधर), भाई दलीह सिंह एवम् रणजीत सिंह (लुधियाना) हैं। (59)

पंजाबी बाज की विशेषताएं :

1) कठिन लयकारी में दक्षता।

2) लय और ताल पर पूर्ण अधिकार।

3) हाथ की शुद्धता पर जोर।

4) बोलों की शुद्धता का विशेष ध्यान।

5) हाथ से ताली देने की परंपरा।

6) खुले हाथ से (साथ) एवं बंद बोलों में प्रवीणता।

7) संगीत वादन में प्रवीणता।

8) पखावज/मृदंग शैली के बोलों का तबले पर सुंदर प्रयोग।

9) तबले के साथ-साथ कंठ संगीत (ध्रुपद·ख्याल) में भी रुचि।

10) गुरुवाणी संगीत में लगाव।

आधुनिक पंजाबी तबला घरानों की भिन्नता का कोई ठोस आधार नजर नहीं आता। यथार्थ तो यह है कि घराना परंपरा भारतीय संगीत में लगभग समाप्त हो चुकी है। पंजाबी संगीत घरानों का ऐतिहासिक विकास 18वीं शताब्दी से आरंभ हुआ और 20वीं शताब्दी के मध्य भाग तक पूर्ण आहुति पर पहुंच चुका है। इस में कोई दो राय नहीं कि पंजाब के संगीत घरानों ने भी भारतीय संगीत के विकास में अमूल्य योगदान पाया है। हिंद-पाक विभाजन से पूर्व संगीत की शिक्षा गुरु शिक्षा प्रणाली द्वारा दी जाती थी उस काल की परिस्थितियों अनुसार इससे अधिक सफल प्रणाली कोई और नहीं थी, परन्तु स्वतंत्रता पश्चात् "सार्वजनिक संगीत शिक्षा प्रणाली" के आरंभ होने से "गुरु शिष्य प्रणाली" समाप्त हो गई और इसके साथ ही भारतीय संगीत के घरानों की ऐतिहासिक परंपरा भी समाप्त हो गई। इसका प्रभाव पंजाब पर भी पड़ा और पंजाबी संगीतकारों ने भी धीरे धीरे पिछले तीन चार दशकों में घरानामुक्त (स्वतंत्र शैली) होकर संगीत की विभिन्न शैलियों में संयुक्त-विशेज्ञता में रुचि दिखाई है। इस लिए अब अधिकतर पंजाबी संगीतकार भी घरानों के सीमित दृष्टिकोण को छोड़कर व्यापक भारतीय संगीत की 'स्वतंत्र शैली' को अपना चुके हैं। निश्चय ही यह हमारे राष्ट्रीय संगीत के उज्जवल भविष्य की ओर अग्रसर होने का संकेत है। (समाप्त)

डी. एस. नरूला
अध्यक्ष,
संगीत विभाग, डी.ए.वी. कालेज,
मलोट (पं) 152107

A BOOK

# SIKH SACRED MUSIC

Dr. T. S. Tarsi

This book has been published by the Sikh Sacred Music Society, Delhi. The publishers have not mentioned author's name on the book. It includes a perfuce by the society and a foreword by Sh. Krishna Chaitnya, apart from seven distinct but inter-related chapters, each dealing with a different aspect of historical background of Sikh religion, with a view to understanding Sikh Sacred Music.

First three chapters, namely 'The Heritage'. 'The Torch Bearers-The Other Gurus' and 'Guru Granth' may be grouped together as they deal with the place of sacred music in Sikh religion. The need of music and its importance is highlighted by mentioning the fact that Guru Arjan before compiling the holy Granth, had scrutinized the hymns of his predecessors from literary, metrical and musical aspects. He was ably assisted by the famous rababi and singer Bhai Satta, who had been performing shabad kirtan since the time of Guru Nanak and was a part and parcel of the process of continuity in the style of singing. It was Bhai Satta who would practically sing eaeh raga and test the hymon from musical aspect. We have, therefore, an accurate editing of the ragas and arrangement of hynmn is different ragas in the holy Granth.

Music of the Gurus is simple and noble reflecting their holy personalities. Classical music with extremely limited ornamentation and folk music based on the form of classical ragas in their regional varients were the two major groups of compositions at the time of Sikh Gurus. 'Music of Gurus' contains a brief study of the music of that time.

Gurbani Sangeet has a tradition of its own. Guru Arjan Dev Ji

established five Shabad Chowkies or services to give a distinct style to the growing tradition. Asa-di-Var being sung on folk balad tone of Tunde Asraje di-Var has rightly maintained the tradition. The origin and style of Gurbani Sangeet has been dealt with in the fifth chapter 'Performance of Shabad Kirtan'.

Guru Nanak, we are told, on authority of Janab Sadiq Ali Khan, invented a special form of rabab to suit the singing style of his verse. This rabab had six main strings made of silk instead of five made of goat gut found in the Iranian version of earlier rabab. Similarly other Sikh Gurus also contributed a great deal in shaping musical instruments used for Sikh Sacred Music. Sixth chapter of the book offers a study on musical instruments used during traditional rendering of shabad kirtan.

The last chapter explaines the later developments and future trends of Sikh Sacred Music. We come to know about a few devolted ragies of yester years and also a few suggestions to make this form of music more popular. An annexture containing explainations of some of the terms used in the book has also been included at the end of the book

The book, authentically but briefly deals with various important aspect of Sikh Sacred Music. A study of the book enables the reader to enjoy and appreciate the music of Shabad Kirtan like an enlightened listener should.

---

## MUSIC

There is no truei truth obtainable by man than comes by music.

—Robert Browning

Music is the speech of angles.

—Carlyle

Music is the only sensual pleasure with vice.

—Johnson

# ਵਾਦਨ ਕਲਾ

ਲੇਖਕ ਪ੍ਰੋ. ਤਾਰਾ ਸਿੰਘ ਅਤੇ ਸੁਰਜੀਤ ਕੌਰ।
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972
ਪੰਨੇ—532, ਸਾਈਜ਼--14 × 20, ਕੀਮਤ—12 ਰੁ:

ਵਾਦਨ ਕਲਾ ਪ੍ਰੋ. ਤਾਰਾ ਸਿੰਘ ਜੀ ਦੀ ਪ੍ਰਥਮ ਪੁਸਤਕ ਹੈ ਜਿਸ ਨੂੰ ਪੰਜਾਬੀ ਯੂਨੀਵਰਸਿਟੀ ਨੇ 1972 ਵਿੱਚ ਛਾਪ ਕੇ ਸੰਗੀਤ ਖੇਤਰ ਵਿਚ ਪਹਿਲ-ਕਦਮੀ ਦਿਖਾਈ। ਇਹ ਟੀ. ਡੀ. ਸੀ. ਭਾਗ ਦੂਜੇ ਤੇ ਤੀਜੇ ਦੇ ਪਾਠਕ੍ਰਮ ਤੇ ਆਧਾਰਿਤ, ਸ਼ਾਸਤਰ ਅਤੇ ਕ੍ਰਿਆਤਮਕ ਪੱਖ ਤੋਂ ਵਧੀਆ ਪੁਸਤਕ ਹੈ।

ਇਸ ਦੇ ਪ੍ਰਥਮ ਭਾਗ ਵਿੱਚ ਪਰਿਭਾਸ਼ਿਕ ਸ਼ਬਦਾਂ ਤੋਂ ਇਲਾਵਾ, ਸਾਜ਼ਾਂ ਦੇ ਪ੍ਰਕਾਰ, ਖਿਆਲ ਤੇ ਸਿਤਾਰ ਦੇ ਘਰਾਣਿਆਂ ਦੀ ਵਿਆਖਿਆ ਚੰਗੀ ਮਿਹਨਤ ਨਾਲ ਕੀਤੀ ਹੈ। ਕ੍ਰਿਆਤਮਕ ਪੱਖ ਤੋਂ ਰਾਗ ਗੌੜਸਾਰੰਗ, ਸ਼ੁੱਧਕਲਿਆਣ, ਬਹਾਰ, ਜੈਜੈਵੰਤੀ, ਮਾਲਕੌਂਸ ਅਤੇ ਰਾਮਕਲੀ ਆਦਿ ਛੇ ਰਾਗਾਂ ਦਾ ਪਰੀਚੈ, ਆਲਾਪ ਜੋੜ, ਵਿਲੰਬਤ ਤੇ ਦਰੁੱਤ ਗਤਾਂ ਦੇ ਤੋੜੇ ਵੀ ਦਿੱਤੇ ਗਏ ਹਨ। ਗਤਾਂ ਦੀ ਬੰਦਿਸ਼ ਅਤੇ ਤੋੜਿਆਂ ਦੀ ਬਨਾਵਟ, 'ਗਾਇਕੀ ਅੰਗ' ਦੇ ਬਾਜ ਦੀ ਪ੍ਰਤੀਨਿਧਤਾ ਕਰਦੀ ਹੈ ਪਰੰਤੂ ਕਈ ਬੰਦਿਸ਼ਾਂ ਤੇ ਤੋੜਿਆਂ ਵਿਚੋਂ 'ਗਤਕਾਰੀ-ਅੰਗ' ਵੀ ਝਲਕਦਾ ਹੈ।

ਇਸ ਦੇ ਦੂਜੇ ਭਾਗ ਵਿੱਚ ਸਭ ਤੋਂ ਪਹਿਲਾਂ--ਭਰਤ, ਸਾਰੰਗਦੇਵ, ਅੰਮ੍ਰਿਤਸੈਨ, ਹੱਦੂ-ਹੱਸੂ ਖਾਂ, ਵਿਸ਼ਣੂ ਨਰਾਇਣ ਭਾਤਖੰਡੇ, ਅਲਾਉਦੀਨ ਖਾਂ, ਵਿਸ਼ਣੂ ਦਿਗੰਬਰ ਪਲੁਸਕਰ, ਅਬਦੁਲ ਕਰੀਮ ਖਾਂ; ਫਿਆਜ਼ ਖਾਂ ਤੇ ਇਨਾਇਤ ਖਾਂ ਆਦਿ ਸੰਗੀਤਕਾਰਾਂ ਦਾ ਜੀਵਨ ਪਰੀਚੈ ਚੰਗੀ ਖੋਜ ਪੜਤਾਲ ਨਾਲ ਉਲੀਕਿਆ ਹੈ। ਇਸ ਪਿੱਛੋਂ ਭਾਰਤੀ ਸੰਗੀਤ ਦਾ ਇਤਿਹਾਸ ਅਤੇ ਉਸ ਵਿਚ ਵਿਸ਼ੇਸ਼ ਕਰਕੇ 'ਸਿੱਖ ਕਾਲ ਦਾ ਸੰਗੀਤ' (ਜਿਸ ਨੂੰ ਪ੍ਰੋ. ਸਾਹਿਬ ਆਪਣੀ ਪ੍ਰਾਪਤੀ ਗਿਣਦੇ ਸਨ) ਵਿਸਥਾਰ ਪੂਰਵਕ ਲਿਖਿਆ ਹੈ।

ਇਸ ਦੇ ਅੰਤਿਮ ਭਾਗ ਵਿੱਚ ਰਾਗ—ਅੜਾਨਾ, ਦਰਬਾਰੀ, ਮੁਲਤਾਨੀ, ਤੋੜੀ, ਮਾਰਵਾ ਤੇ ਮੀਆਂ-ਮਲਹਾਰ ਆਦਿ ਛੇ ਰਾਗਾਂ ਬਾਰੇ ਪਰੀਚੈ, ਆਲਾਪਜੋੜ, ਗਤਾਂ ਅਤੇ ਤੋੜੇ ਦਿੱਤੇ ਗਏ ਹਨ। ਰਾਗਾਂ ਦੇ ਪਰੀਚੇ, ਵਿਚੋਂ ਵਿੱਦਵਤਾ ਬੰਦਿਸ਼ਾਂ ਵਿਚੋਂ ਸੁਹਜਾਤਮਕਤਾ ਅਤੇ ਤੋੜਿਆਂ ਵਿਚੋਂ ਕਲਾਤਮਕ ਪ੍ਰਤਿਭਾ ਸਪਸ਼ਟ ਝਲਕਦੀ ਹੈ।

ਕੁਲ ਮਿਲਾਕੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਵਿਚ ਸੰਗੀਤ ਵਿਸ਼ੇ ਸੰਬੰਧੀ, ਬੀ. ਏ. ਪੱਧਰ ਦੀ ਇਹ ਪਹਿਲੀ ਪੁਸਤਕ ਹੈ ਜਿਸ ਦੀ ਅੱਜ ਵੀ ਮੰਗ ਕੀਤੀ ਜਾਂਦੀ ਹੈ। ਪ੍ਰੋਫੈਸਰ ਸਾਹਿਬ ਦੀ ਇਸ ਪਹਿਲੀ ਪੁਸਤਕ ਤੋਂ ਹੀ ਸੰਗੀਤ ਖੇਤਰ ਉਨ੍ਹਾਂ ਦੀ ਜਾਣ-ਪਹਿਚਾਣ, ਕਿਸੇ ਰਸਮੀ-ਮੁਲਾਕਾਤ ਦੀ ਮੁਥਾਜ ਨਹੀਂ ਸੀ ਰਹੀ। ਬਾਦ ਵਿੱਚ ਕੁਝ ਹੋਰ ਛਪੀਆਂ ਪੁਸਤਕਾਂ ਨੇ ਇਹ ਸਿੱਧ ਕਰ ਦਿੱਤਾ ਕਿ ਉਹ ਬੜੇ ਮਿਹਨਤੀ, ਪ੍ਰਤਿਭਾ-ਸਪੰਨ ਅਤੇ ਖੋਜ ਪ੍ਰਵਿਰਤੀ ਵਾਲੇ ਵਿਦਵਾਨ—ਸੰਗੀਤਕਾਰ ਸਨ।

**ਡਾ. ਦਰਸਨ ਸਿੰਘ ਨਰੂਲਾ**

ਰੀਵਿਊ :

# ਪੰਜਾਬ ਵਿਚ ਸੰਗੀਤ ਕਲਾ ਦਾ ਨਿਕਾਸ ਅਤੇ ਵਿਕਾਸ

ਲੇਖਕ : ਡਾ: ਪੰਨਾ ਲਾਲ ਮਦਾਨ

ਪ੍ਰਕਾਸ਼ਨ : ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮੁੱਲ : 18-50 (1986) ਪੰਨਾ 152 ਸਾਈਜ਼ 18 × 22 × 8

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪੰਜਾਬੀ ਦੇ ਸਰਬ-ਪੱਖੀ ਵਿਕਾਸ ਲਈ ਕਈ ਕਿਸਮ ਦੇ ਜਤਨ ਅਤੇ ਯੋਜਨਾਵਾਂ ਨਿਰੰਤਰ ਜਾਰੀ ਹਨ। ਉੱਚ-ਪੱਧਰੀ ਸਿਖਿਆ ਲਈ ਪੰਜਾਬੀ ਮਾਧਿਅਮ ਵਿੱਚ ਹਰ ਵਿਸ਼ੇ ਉੱਤੇ ਪੁਸਤਕਾਂ ਉਪਲਬਧ ਕਰਾਉਣ ਦੀ ਉਦੇਸ਼ ਪੂਰਤੀ ਲਈ, ਹੱਥਲੀ ਪੁਸਤਕ ਸੰਗੀਤ ਵਿਸ਼ੇ ਨਾਲ ਸਬੰਧਿਤ ਹੈ। ਇਸ ਪੁਸਤਕ ਦੇ ਵਿਦਵਾਨ ਲੇਖਕ ਡਾ. ਪੰਨਾ ਲਾਲ ਮਦਾਨ, ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ 1965 ਵਿਚ ਏ. ਬੀ. ਗੰਧਰਵ ਮਹਾਂਵਿਦਿਆਲਾ ਮੰਡਲ ਬੰਬਈ ਤੋਂ ਸੰਗੀਤ-ਅਚਾਰੀਆ (ਪੀ. ਐਚ. ਡੀ.) ਦੀ ਡਿਗਰੀ ਪ੍ਰਾਪਤ ਕੀਤੀ। ਇਸ ਪੁਸਤਕ ਵਿਚ ਪੰਜਾਬ ਦੇ 32 ਤੋਂ ਵੱਧ ਪੁਰਾਤਨ, ਮੱਧ ਅਤੇ ਆਧੁਨਿਕ ਸੰਗੀਤ ਕਲਾ ਦੇ ਮੋਢੀਆਂ ਦੀਆਂ ਜੀਵਨ ਝਲਕੀਆਂ ਦਰਜ ਕੀਤੀਆਂ ਗਈਆਂ ਹਨ।

ਪੰਜਾਬੀ ਯੂਨੀਵਰਸਿਟੀ ਦਾ ਇਸ ਪੁਸਤਕ ਨੂੰ ਪੰਜਾਬੀ ਵਿਚ ਅਨੁਵਾਦ ਕਰਾਉਣਾ ਇਕ ਚੰਗੀ ਚੋਣ ਹੈ। ਪੰਜਾਬ ਦੀ ਧਰਤੀ ਨੂੰ ਕਲਾ ਦਾ ਮੁਢਲਾ ਸੋਮਾ ਹੋਣ ਦਾ ਮਾਣ ਹੈ। ਇਸ ਦ੍ਰਿਸ਼ਟੀ ਨੂੰ ਵਿਦਵਾਨ ਲੇਖਕ ਨੇ ਸਿੰਧ-ਘਾਟੀ ਦੀ ਸਭਿਅਤਾ ਨੂੰ ਆਧਾਰ ਬਣਾ ਕੇ ਇਤਿਹਾਸਕ ਤੱਥਾਂ ਰਾਹੀਂ ਪੇਸ਼ ਕੀਤਾ ਹੈ।

ਪਹਿਲੇ ਅਧਿਆਇ ਵਿੱਚ ਪੰਜਾਬ ਦੀ ਇਤਿਹਾਸਕ ਮਹੱਤਤਾ, ਵਿਦੇਸ਼ੀ ਹਮਲਿਆਂ ਦਾ ਪ੍ਰਭਾਵ ਸਭਿਅਤਾ ਅਤੇ ਕਲਾ ਦਾ ਸ੍ਰੋਤ, ਪੰਜਾਬ ਦੇ ਸੰਗੀਤ ਅਤੇ ਇਤਿਹਾਸ ਆਦਿ ਵਿਸ਼ਿਆਂ ਨੂੰ ਛੁਹਿਆ ਗਿਆ ਹੈ। ਦੂਜੇ ਅਧਿਆਇ 'ਚ ਸੰਗੀਤ ਕਲਾ ਦਾ ਵਿਕਾਸ, ਕਲਾ ਦਾ ਜਨਮ-ਦਾਤਾ, ਨਾਟ ਦੇ ਪ੍ਰਕਾਸ਼ਕ ਭਰਤ, ਵੈਦਿਕ ਸੰਗੀਤ, ਵੇਦ ਮੰਤਰਾਂ ਵਿਚ ਰਾਗਾਂ ਦੀ ਵਰਤੋਂ, ਪੰਜਾਬ ਦੀ ਸੰਗੀਤ ਨੂੰ ਦੇਣ, ਪੰਜਾਬੀ ਗਾਇਨ ਸ਼ੈਲੀਆਂ, ਉੱਘੇ ਪੰਜਾਬੀਆਂ ਦੀਆਂ ਰਚਨਾਵਾਂ ਜਿਵੇਂ ਗੁਰੂ ਨਾਨਕ, ਸੁਆਮੀ ਹਰੀ ਦਾਸ, ਤਾਨਸੇਨ, ਬੈਜੂ ਬਾਵਰਾ, ਸ਼ੋਰੀ-ਮੀਆਂ ਅਤੇ ਸਦਾਰੰਗ ਆਦਿ। ਤੀਜੇ ਅਧਿਆਇ ਵਿੱਚ ਲੋਕ-ਸੰਗੀਤ ਕਲਾ ਉੱਤੇ ਵਿਚਾਰ ਕੀਤੀ ਗਈ ਹੈ। ਚੌਥੇ ਅਧਿਆਇ ਵਿੱਚ ਪੰਜਾਬ ਦੇ ਉਨ੍ਹਾਂ ਉੱਘੇ ਸੰਗੀਤਕਾਰਾਂ ਦੀ ਜਾਣਕਾਰੀ ਦਿੱਤੀ ਗਈ ਹੈ ਜਿਨ੍ਹਾਂ ਨੇ ਕਲਾ ਦੇ ਪ੍ਰਚਾਰ ਅਤੇ ਵਿਕਾਸ

ਲਈ ਇਸ ਨੂੰ ਚਮਤਕਾਰੀ ਰੂਪ ਪ੍ਰਦਾਨ ਕੀਤਾ । ਇਨ੍ਹਾਂ ਵਿਚ ਮਹਾਂਰਿਸ਼ੀ ਭਰਤ, ਪੰਡਤ ਸਾਰਗ ਦੇਵ, ਸ੍ਰੀ ਗੁਰੂ ਨਾਨਕ ਦੇਵ ਜੀ, ਸੁਆਮੀ ਹਰੀ ਦਾਸ, ਬੈਜੂ ਬਾਵਰਾ, ਸ੍ਰੀ ਗੁਰੂ ਅਰਜਨ ਦੇਵ, ਨਿਆਮਤ ਖਾਂ, ਸਦਾਰੰਗ, ਸ੍ਰੀ ਗੁਲਾਮ ਨਬੀ, ਸ੍ਰੀ ਹਰੀਵਲਭ; ਪੰਡਤ ਵਿਸਨੂੰ ਦਿਗੰਬਰ, ਪੰਡਤ ਦੇਵੀ ਚੰਦ ਆਦਿ ਹਨ ਜਿਨ੍ਹਾਂ ਨੇ ਸੰਗੀਤ ਕਲਾ ਦੀ ਅਥਾਹ ਸੇਵਾ ਕੀਤੀ।

ਇਹ ਪੁਸਤਕ ਇਕ ਵਧੀਆ ਅਨੁਵਾਦ ਹੈ। ਇਹ ਪੁਸਤਕ ਸੰਗੀਤ ਦੇ ਹਰ ਵਿਦਿਆਰਥੀ ਅਤੇ ਆਮ ਪਾਠਕ ਲਈ ਬੜੀ ਲਾਭਦਾਇਕ ਹੈ। ਅਜੇਹੀ ਚੰਗੀ ਪੁਸਤਕ ਦਾ ਪੰਜਾਬੀ ਜਗਤ ਵਿਚ ਸੁਆਗਤ ਕਰਨਾ ਬਣਦਾ ਹੈ।

ਸੰਗੀਤ ਕੌਰ

---

# "ਸਿੱਖ ਸੇਵਕ ਜਥੇ" ਧਿਆਨ ਦੇਣ

ਦੇਸ਼ ਵਿਦੇਸ਼ ਵਿਚ ਜਿਥੇ ਵੀ 'ਸਿੱਖ ਸੇਵਕ ਜਥਾ' ਸਥਾਪਿਤ ਹੈ ਜਥੇਬੰਦੀ ਦੇ ਚਰਣਾ ਵਿਚ ਬੇਨਤੀ ਹੈ ਕਿ ਸਿੱਖ ਸੇਵਕ ਜੱਥਾ ਬਰੇਲੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪ੍ਰਕਾਸ਼ ਉਤਸਵ ਤੇ ਇਕ ਮੈਗਜੀਨ ਕੱਢ ਰਿਹਾ ਹੈ। ਜਿਸ ਵਿਚ ਕਿ ਦੇਸ਼ ਵਿਦੇਸ਼ ਦੇ ਸਾਰੇ ਸਿੱਖ ਸੇਵਕ ਜਥਿਆਂ ਬਾਰੇ ਜਾਣਕਾਰੀ ਦੇਣ ਦਾ ਵਿਚਾਰ ਹੈ। ਇਸ ਲਈ ਜਿੱਥੇ ਵੀ ਸਿੱਖ ਸੇਵਕ ਜੱਥੇ ਹੋਣ ਉਹ ਕ੍ਰਿਪਾ ਕਰਕੇ ਹੇਠ ਲਿਖੇ ਪਤੇ ਤੇ ਸੰਪਰਕ ਕਰਨ ।

**ਪਰਮਜੀਤ ਸਿੰਘ ਪ੍ਰਧਾਨ**
C-199 ਗੋਬਿੰਦ ਨਗਰ
ਮਾਡਲ ਟਾਊਨ, ਬਰੇਲੀ